ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ ਗਾਵਣੀ ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੩ ॥ ਸਬਦਿ ਰਤੇ ਵਡ ਹੰਸ ਹੈ, ਸਚੁ ਨਾਮੁ ਉਰਿ ਧਾਰਿ ॥ ਸਚੁ ਸੰਗ੍ਰਹਹਿ ਸਦ ਸਚਿ ਰਹਹਿ, ਸਚੈ ਨਾਮਿ ਪਿਆਰਿ ॥ ਸਦਾ ਨਿਰਮਲ ਮੈਲੁ ਨ ਲਗਈ, ਨਦਰਿ ਕੀਤੀ ਕਰਤਾਰਿ ॥ ਨਾਨਕ ਹਉ ਤਿਨ ਕੈ ਬਲਿਹਾਰਣੈ, ਜੋ ਅਨਦਿਨੁ ਜਪਹਿ ਮੁਰਾਰਿ ॥੧ ॥ (ਹੇ ਭਾਈ! ਜੋ ਮਨੁੱਖ ਗੁਰੂ ਦੇ) ਸ਼ਬਦ ਵਿਚ ਰੰਗੇ ਹੋਏ ਹਨ, ਉਹ ਪੂਰਨ ਤੱਤ ਵੇਤਾ (ਮਹਾਂ ਪੁਰਖ) ਹਨ, (ਉਨ੍ਹਾਂ ਨੇ ਅਪਣੇ) ਹਿਰਦੇ ਵਿਚ ਸੱਚੇ ਪ੍ਰਭੂ ਦੇ ਨਾਮ ਨੂੰ ਧਾਰਣ ਕੀਤਾ ਹੋਇਆ ਹੈ। ਸੱਚੇ ਪ੍ਰਭੂ ਦੇ ਨਾਮ ਵਿਚ ਪਿਆਰ ਹੋਣ ਕਰਕੇ ਉਹ ਸੱਚ (ਰੂਪ ਨਾਮ ਧਨ) ਨੂੰ ਇਕੱਠਾ ਕਰਦੇ ਹਨ ਅਤੇ ਸਦਾ ਸਚ ਵਿਚ ਟਿਕੇ ਰਹਿੰਦੇ ਹਨ। ਉਹ ਸਦਾ ਨਿਰਮਲ ਹਨ, (ਉਨ੍ਹਾਂ ਨੂੰ ਵਿਸ਼ੇ ਵਿਕਾਰਾਂ ਦੀ) ਮੈਲ ਨਹੀਂ ਲਗਦੀ, (ਕਿਉਂਕਿ ਉਨ੍ਹਾਂ ਉਤੇ) ਕਰਤਾਰ ਨੇ ਮੇਹਰ ਦੀ ਨਜਰ ਕੀਤੀ ਹੋਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਨ੍ਹਾਂ ਦੇ ਬਲਹਾਰ ਜਾਂਦਾ ਹਾਂ ,ਜਿਹੜੇ (ਪੁਰਖ) ਹਰ ਰੋਜ ਪ੍ਰਮਾਤਮਾ ਨੂੰ ਜਪਦੇ ਹਨ।੧।

ਮਃ ੩ ॥ ਮੈ ਜਾਨਿਆ ਵਡ ਹੰਸੁ ਹੈ, ਤਾ ਮੈ ਕੀਆ ਸੰਗੁ ॥ ਜੇ ਜਾਣਾ ਬਗੁ ਬਪੁੜਾ, ਤ ਜਨਮਿ ਨ ਦੇਦੀ ਅੰਗੁ ॥੨॥ (ਪਖੰਡੀ ਸੰਤ ਦੀ ਸੰਗਤ ਕਰਕੇ ਪਿਛੋਂ ਪਛਤਾਵਾ ਹੀ ਹੁੰਦਾ ਹੈ। ਗੁਰੂ ਅਮਰਦਾਸ ਜੀ ਕੋਲ ਇਕ ਸੰਨਿਆਸੀ ਸਾਧੂ ਆਇਆ, ਗੁਰੂ ਜੀ ਨੇ ਉਸ ਦਾ ਬੜਾ ਆਦਰ ਕੀਤਾ ਤੇ ਅਪਣੇ ਕੋਲ ਬਿਠਾਇਆ। ਉਸ ਸਾਧੂ ਨੇ ਸਮਾਂ ਤਾੜ ਕੇ ਗੁਰੂ ਜੀ ਦੀ ਮੋਤੀਆਂ ਦੀ ਕੀਮਤੀ ਮਾਲਾ ਚੁਰਾ ਲਈ। ਗੁਰੂ ਜੀ ਨੇ ਸੇਵਾਦਾਰਾਂ ਨੂੰ ਪੁਛਿਆ, ਪਰ ਮਾਲਾ ਕਿਸੇ ਕੋਲੋਂ ਨਾ ਮਿਲੀ। ਜਿਸ ਵੇਲੇ ਉਹ ਸਾਧੂ ਜਾਣ ਵਾਸਤੇ ਉਠਿਆ ਤਾਂ ਮਾਲਾ ਉਸ ਦੇ ਕਪੜਿਆਂ ਵਿਚੋਂ ਹੇਠਾਂ ਡਿਗ ਪਈ ਤੇ ਪਖੰਡੀ ਸਾਧੂ ਦਾ ਪਾਜ ਉਘੜ ਗਿਆ। ਉਸ ਵੇਲੇ ਗੁਰੂ ਜੀ ਨੇ ਇਹ ਸਲੋਕ ਉਚਾਰਿਆ) ਮੈਂ ਸਮਝਿਆ ਸੀ ਕਿ ਇਹ ਪਰਮ ਹੰਸ ਹੈ, ਤਦੇ ਹੀ ਮੈਂ ਇਸ ਦਾ ਸੰਗ ਕੀਤਾ ਸੀ। ਜੇ ਮੈਂ ਜਾਣਦਾ ਹੁੰਦਾ ਕਿ ਇਹ ਤਾਂ ਬਿਚਾਰਾ ਬਗਲਾ (ਪਖੰਡੀ ਸਾਧੂ) ਹੈ, ਤਾਂ ਮੈਂ ਜਨਮ (ਸ਼ੁਰੂ) ਤੋਂ ਹੀ ਇਸ ਨੂੰ ਮੈਂ ਅਪਣਾ ਦਿਲ ਨਾ ਦੇਂਦਾ (ਸੰਗਤ ਨਾ ਕਰਦਾ)। ਇਹ ਸਲੋਕ ਕੁਛ ਫਰਕ ਨਾਲ ੧੩੮੪ ਅੰਗ ਉਤੇ ਵੀ ਸ਼ੇਖ ਫਰੀਦ ਜੀ ਦੇ ਸਲੋਕਾਂ ਵਿਚ ੧੨੩ ਵਾਂ ਸਲੋਕ ਹੈ।

ਪਦਾਰਥ = ਰਤੇ–ਰੰਗੇ ਹੋਏ; ਪ੍ਰੀਤਵਾਨ ਹੋਏ, ਮਿਲੇ ਹੋਏ। ਵਡ ਹੰਸੁ–ਪਰਮ ਹੰਸ (ਤਤੱਵੇਤਾ ਮਹਾਂ ਪੁਰਖ)। ਉਰਿ–ਹਿਰਦੇ ਵਿਚ। ਧਾਰਿ–ਧਾਰਣ ਕੀਤਾ ਹੈ। ਸੰਗ੍ਰਹਹਿ–ਇਕੱਠਾ ਕਰਦੇ ਹਨ। ਸਚੈ–ਸੱਚੇ ਪ੍ਰਭੂ ਦੇ। ਨਾਮਿ ਪਿਆਰਿ–ਨਾਮ ਵਿਚ ਪਿਆਰ ਹੋਣ ਕਰਕੇ। ਨਿਰਮਲ–ਪਵਿਤ੍ਰ। ਨਦਰਿ–ਮੇਹਰ ਦੀ ਨਜਰ। ਕਰਤਾਰਿ–ਕਰਤਾਰ ਨੇ। ਹਉ–ਮੈਂ। ਤਿਨ ਕੈ–ਉਨ੍ਹਾਂ ਦੇ। ਬਲਿਹਾਰਣੈ–ਸਦਕੇ ਜਾਂਦਾ ਹਾਂ। ਅਨਦਿਨੁ–ਹਰ ਰੋਜ। ਮੁਰਾਰਿ–ਪ੍ਰਭੂ।੧। ਤਾ–ਤਦ ਹੀ। ਸੰਗੁ–ਸੰਗਤ। ਜਾਣਾ–ਜਾਣਦਾ (ਪਤਾ) ਹੁੰਦਾ। ਬਗੁ–ਪਖੰਡੀ ਸਾਧ। ਜਨਮਿ–ਜਨਮ (ਸ਼ੁਰੂ) ਤੋਂ ਹੀ। ਨ ਦੇਦੀ ਅੰਗੁ–ਦਿਲ ਨਾ ਦੇਂਦਾ (ਕੋਲ ਨਾ ਬੈਠਦਾ; ਸਾਥ ਨਾ ਦੇਂਦਾ)।੨।

ਲਲਾਂ ਬਹਲੀਮਾ = ਦੋਵੇਂ ਕਾਂਗੜੇ ਦੇਸ਼ ਦੇ ਰਾਜਪੂਤ ਜਿਮੀਂਦਾਰ ਸਨ। ਲਲਾਂ ਦਾ ਇਲਾਕਾ ਖੁਸ਼ਕ ਸੀ ਤੇ ਬਹਲੀਮਾ ਦੇ ਇਲਾਕੇ ਨੂੰ ਕੂਲ੍ਹਾਂ ਦਾ ਪਾਣੀ ਲਗਦਾ ਸੀ। ਇਕ ਵਾਰ ਔੜ ਦੇ ਸਮੇਂ ਲਲਾਂ ਨੇ ਅਪਣੀ ਜਮੀਨ ਦੀ ਪੈਦਾਵਾਰ ਦਾ ਛੇਵਾਂ ਹਿੱਸਾ ਦੇਣਾ ਮੰਨ ਕੇ ਬਹਲੀਮਾ ਤੋਂ ਜਮੀਨ ਸਿੰਜਣ ਲਈ ਉਸ ਦੀਆਂ ਕੂਲ੍ਹਾ ਦਾ ਪਾਣੀ ਲਿਆ। ਪਰ ਫਸਲ ਆਉਣ ਤੇ ਲਲਾਂ ਪੈਦਾਵਾਰ ਦਾ ਹਿਸਾ ਦੇਣ ਤੋਂ ਮੁਕਰ ਗਿਆ। ਜਿਸ ਕਰਕੇ ਦੋਹਾਂ ਵਿਚ ਬੜਾ ਭਾਰੀ ਜੁੱਧ ਹੋਇਆ, ਲਲਾਂ ਬਹਾਦਰੀ ਨਾਲ ਲੜਿਆ, ਪਰ ਹਾਰ ਗਿਆ ਅਤੇ ਜਿਉਂਦਾ ਹੀ ਫੜਿਆ ਗਿਆ। ਲਲਾਂ ਨੇ ਮਾਫੀ ਮੰਗੀ, ਬਹਲੀਮਾ ਨੇ ਉਸ ਦੀ ਫਸਲ ਦਾ ਛੇਵਾਂ ਹਿਸਾ ਲੈ ਕੇ ਲਲਾਂ ਨੂੰ ਛਡ ਦਿਤਾ ਤੇ ਉਸ ਦੀ ਜਮੀਨ ਵੀ ਮੋੜ ਦਿਤੀ। ਢਾਢੀਆਂ ਨੇ ਇਨ੍ਹਾਂ ਦੀ ਜੰਗ ਦੀ ਵਾਰ ਲਿਖ ਕੇ ਗਾਈ, ਜਿਸ ਦਾ ਨਮੂਨਾ ਨਿਮਨ ਲਿਖਤ ਹੈ =

ਕਾਲ ਲਲਾਂ ਦੇ ਦੇਸ ਦਾ ਖੋਇਆ ਬਹਲੀਮਾ ॥ ਹਿੱਸਾ ਛਠਾ ਮਨਾਇ ਕੈ ਜਲ ਨਹਰੋਂ ਦੀਮਾ ॥
ਫਿਰਾਊਨ ਹੋਇ ਲਲਾਂ ਨੇ ਰਣ ਮੰਡਿਆ ਧੀਮਾ ॥ ਭੇੜ ਦੁਹੂੰ ਦਿਸ ਮੱਚਿਆ ਸੱਟ ਪਈ ਅਜੀਮਾ ॥
ਸਿਰ ਧੜ ਡਿਗੇ ਖੇਤ ਵਿਚ ਜਿਉ ਵਾਹਣ ਢੀਮਾਂ ॥ ਦੇਖ ਮਾਰੇ ਲਲਾਂ ਬਹਲੀਮ ਨੇ ਰਣ ਮੇਂ ਧਰ ਸੀਮਾ ॥

ਗੁਰੂ ਜੀ ਨੇ ਇਸੇ ਵਾਰ ਦੇ ਗਾਉਣ ਦੀ ਧੁਨ ਉਤੇ ਵਡਹੰਸ ਦੀ ਵਾਰ ਗਾਉਣ ਦੀ ਆਗਿਆ ਕੀਤੀ ਹੈ। ਇਸ ਵਾਰ ਦੀਆਂ ੨੧ ਪਉੜੀਆਂ ਹਨ, ਜੋ ਸ੍ਰੀ ਗੁਰੂ ਰਾਮਦਾਸ ਜੀ ਦੀ ਰਚਿਤ ਹਨ। ਇਸ ਵਾਰ ਵਿਚ ੪੦ ਸਲੋਕ ਮਃ ੩ ਦੇ ਅਤੇ ਮਃ ੧ ਦੇ ੩ ਸਲੋਕ ਹਨ, ਕੁਲ ੪੩ ਸਲੋਕ ਹਨ। ਹਰੇਕ ਪਉੜੀ ਵਿਚ ੫–੫ ਤੁਕਾਂ ਹਨ।

ਮਃ ੩ ॥ ਹੰਸਾ ਵੇਖਿ ਤਰੰਦਿਆ, ਬਗਾਂ ਭਿ ਆਯਾ ਚਾਉ ॥ ਡੁਬਿ ਮੁਏ ਬਗ ਬਪੁੜੇ, ਸਿਰੁ ਤਲਿ ਉਪਰਿ ਪਾਉ ॥੩॥ ਹੰਸਾਂ (ਸੰਤਾਂ) ਨੂੰ (ਸੰਸਾਰ ਸਮੁੰਦਰ ਤੋਂ) ਤਰਦੇ ਹੋਇਆਂ ਦੇਖ ਕੇ ਬਗਲਿਆਂ (ਦੰਭੀ ਸੰਤਾਂ) ਨੂੰ ਵੀ ਤਰਨ ਦਾ ਚਾਉ ਆਇਆ। ਪਰ ਵਿਚਾਰੇ ਬਗਲੇ (ਦੰਭੀ ਸੰਤ) ਸਿਰ ਥੱਲੇ ਤੇ ਪੈਰ ਉਪਰ ਵੱਲ ਨੂੰ (ਸਿਰ ਪਰਨੇ ਸੰਸਾਰ ਸਮੁੰਦਰ ਵਿਚ) ਡੁਬ ਕੇ ਮਰ ਗਏ ਭਾਵ ਜਨਮ ਮਰਨ ਦੇ ਗੇੜ

ਵਿਚ ਪੈ ਗਏ।੩।(ਇਹ ਸਲੋਕ ਕੁਛ ਫਰਕ ਨਾਲ ੧੩੮੪ ਅੰਗ ਉਤੇ ਸਲੋਕ ਸੇਖ ਫਰੀਦ ਵਿਚ ੧੨੨ ਵਾਂ ਸਲੋਕ ਹੈ)।

ਪਉੜੀ ॥ ਤੂ ਆਪੇ ਹੀ ਆਪਿ ਆਪਿ ਹੈ, ਆਪਿ ਕਾਰਣੁ ਕੀਆ ॥ ਤੂ ਆਪੇ ਆਪਿ ਨਿਰੰਕਾਰੁ ਹੈ, ਕੋ ਅਵਰੁ ਨ ਬੀਆ ॥ ਤੂ ਕਰਣ ਕਾਰਣ ਸਮਰਥੁ ਹੈ, ਤੂ ਕਰਹਿ ਸੁ ਥੀਆ ॥ ਤੂ ਅਣਮੰਗਿਆ ਦਾਨੁ ਦੇਵਣਾ, ਸਭਨਾਹਾ ਜੀਆ ॥ ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ,ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥ (ਹੇ ਨਿਰੰਕਾਰ! ਤਿੰਨਾਂ ਕਾਲਾਂ ਵਿਚ) ਤੂੰ ਆਪ ਹੀ ਆਪੇ ਆਪ ਹੈਂ (ਸੁਤੰਤਰ ਹੈ, ਤੇਰੇ ਬਰਾਬਰ ਦਾ ਹੋਰ ਕੋਈ ਨਹੀਂ, ਸਰਗੁਣ ਰੂਪ ਹੋ ਕੇ ਸੰਸਾਰ ਰਚਨਾ ਦਾ) ਕਾਰਣ ਤੂੰ ਆਪ ਹੀ ਕੀਤਾ ਹੈ।ਤੂੰ ਆਪੇ ਆਪ ਨਿਰਾਕਾਰ ਸਰੂਪ (ਅਕਾਰ ਰਹਿਤ) ਹੈਂ, (ਸੰਸਾਰ ਰਚਨ ਦਾ ਕਾਰਣ) ਤੇਰੇ ਬਿਨਾ ਹੋਰ ਦੂਜਾ ਕੋਈ ਨਹੀਂ ਹੈ।(ਨਿਰਾਕਾਰ ਹੁੰਦਿਆਂ ਵੀ) ਤੂੰ ਸਾਰੇ ਕਾਰਣ ਕਰਨ ਦੇ ਸਮਰੱਥ (ਸਰਬ ਸ਼ਕਤੀ ਮਾਨ) ਹੈਂ, ਜੋ ਕੁਛ ਤੂੰ ਕਰਦਾ ਹੈਂ, ਉਹ ਹੀ ਹੁੰਦਾ ਹੈ।ਤੂੰ ਸਾਰੇ ਜੀਵਾਂ ਨੂੰ (ਉਨ੍ਹਾਂ ਦੇ) ਬਿਨਾ ਮੰਗਿਆਂ ਦਾਨ ਦੇਂਦਾ ਹੈਂ।(ਇਸ ਲਈ) ਸਤਿਗੁਰੂ ਨੂੰ ਸਾਰੇ ਧੰਨ ਧੰਨ ਆਖੋ, ਜਿਸ (ਸਤਿਗੁਰੂ) ਨੇ ਹਰੀ ਦਾ ਨਾਮ ਦਾਨ ਸਾਡੇ ਮੂੰਹ ਵਿਚ ਪਾ ਦਿਤਾ ਹੈ; ਸ਼੍ਰੇਸਟ ਨਾਮ (ਜਪਣ ਲਈ) ਦਿਤਾ ਹੈ।੧।

ਪਦਾਰਥ = ਹੰਸਾ–ਹੰਸਾਂ (ਸੰਤਾਂ) ਨੂੰ।ਬਗਾਂ–ਪਖੰਡੀ ਸੰਤਾਂ ਨੂੰ।ਭਿ–ਭੀ।ਮੁਏ–ਮਰ ਗਏ।ਬਪੁੜੇ–ਵਿਚਾਰੇ; ਨਿਕੰਮੇ।ਸਿਰ ਤਲਿ ਉਪਰਿ ਪਾਉ–ਸਿਰ ਹੇਠਾਂ ਤੇ ਪੈਰ ਉਪਰ ਨੂੰ (ਸਿਰ ਪਰਨੇ ਹੋ ਕੇ)।੩।ਪਉੜੀ।ਕਾਰਣੁ–ਸੰਸਾਰ ਰਚਨਾ ਦਾ ਕਾਰਣ (ਸਬੱਬ)।ਕੀਆ–ਕੀਤਾ।ਕੋ ਅਵਰੁ–ਕੋਈ ਹੋਰ।ਬੀਆ–ਦੂਜਾ।ਕਰਣ ਕਾਰਣ–ਸਾਰੇ ਕਾਰਨ ਕਰਨ ਵਾਲਾ।ਸਮਰਥੁ–ਸਰਬ ਸ਼ਕਤੀਮਾਨ।ਸੁ–ਉਹ।ਥੀਆ–ਹੁੰਦਾ ਹੈ।ਅਣਮੰਗਿਆ–ਬਿਨਾ ਮੰਗਿਆਂ।ਸਭਨਾਹਾ–ਸਾਰੇ।ਵਾਹੁ ਵਾਹੁ–ਧੰਨ ਧੰਨ।ਜਿਨਿ–ਜਿਸ ਨੇ।ਮੁਖਿ–ਮੂੰਹ ਵਿਚ; ਸ੍ਰੇਸਟ।੧।

ਅੰਗ ਪ੮੬ = ਸਲੋਕੁ ਮਃ ੩ ॥ ਭੈ ਵਿਚਿ ਸਭੁ ਆਕਾਰੁ ਹੈ, ਨਿਰਭਉ ਹਰਿ ਜੀਉ ਸੋਇ ॥ ਸਤਿਗੁਰਿ ਸੇਵਿਐ ਹਰਿ ਮਨਿ ਵਸੈ, ਤਿਥੈ ਭਉ ਕਦੇ ਨ ਹੋਇ ॥ ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ, ਪੋਹਿ ਨ ਸਕੈ ਕੋਇ ॥ ਗੁਰਮੁਖਿ ਮਨਿ ਵੀਚਾਰਿਆ, ਜੋ ਤਿਸੁ ਭਾਵੈ ਸੁ ਹੋਇ ॥ ਨਾਨਕ ਆਪੇ ਹੀ ਪਤਿ ਰਖਸੀ, ਕਾਰਜ ਸਵਾਰੇ ਸੋਇ ॥੧॥ (ਹੇ ਭਾਈ! ਦਿਸ ਰਹੇ ਬ੍ਰਹਮੰਡ ਦਾ) ਸਾਰਾ ਅਕਾਰ ਹਰੀ ਦੇ ਭੈ ਵਿਚ ਹੈ, (ਜਗਤ ਨੂੰ ਪੈਦਾ ਕਰਨ ਵਾਲਾ ਕੇਵਲ ਇਕ) ਉਹ ਹਰਿ ਜੀਉ ਹੀ ਭੈ ਰਹਿਤ ਹੈ।ਸਤਿਗੁਰੂ ਦੀ ਸੇਵਾ ਕਰਨ ਨਾਲ ਹਰੀ ਮਨ ਵਿਚ ਆ ਵਸਦਾ ਹੈ, (ਜਿਥੇ ਹਰੀ ਵਸਦਾ ਹੈ) ਉਥੇ ਭੈ ਕਦੇ ਨਹੀਂ ਹੁੰਦਾ।ਉਸ ਮਨੁੱਖ ਨੂੰ ਕੋਈ ਦੁਖ ਨਹੀਂ ਲਗ ਸਕਦਾ ਤੇ ਨਾ ਹੀ ਉਸ ਦੇ ਨੇੜੇ ਦੁਸ਼ਮਨ ਆਉਂਦਾ ਹੈ ਅਤੇ ਕੋਈ ਵੀ (ਵਿਕਾਰ ਉਸ ਉਤੇ) ਅਸਰ ਨਹੀਂ ਪਾ ਸਕਦਾ।ਗੁਰਮੁਖ ਨੇ ਮਨ ਵਿਚ ਵਿਚਾਰਿਆ ਹੈ ਕਿ ਜੋ ਹਰੀ ਨੂੰ ਭਾਉਂਦਾ ਹੈ, ਉਹ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਆਪੇ (ਅਪਣੇ ਸੇਵਕਾਂ ਦੀ) ਇੱਜਤ ਰਖਦਾ ਹੈ ਤੇ ਉਹ ਹੀ (ਉਨ੍ਹਾਂ ਦੇ ਸਾਰੇ) ਕਾਰਜ ਸਵਾਰਦਾ ਹੈ।੧।

ਮਃ੩ ॥ ਇਕਿ ਸਜਣ ਚਲੇ ਇਕਿ ਚਲਿ ਗਏ, ਰਹਦੇ ਭੀ ਫੁਨਿ ਜਾਹਿ ॥ ਜਿਨੀ ਸਤਿਗੁਰੁ ਨ ਸੇਵਿਓ, ਸੇ ਆਇ ਗਏ ਪਛੁਤਾਹਿ ॥ ਨਾਨਕ ਸਚਿ ਰਤੇ ਸੇ ਨ ਵਿਛੁੜਹਿ, ਸਤਿਗੁਰੁ ਸੇਵਿ ਸਮਾਹਿ ॥੨॥ ਕਈ ਸੱਜਨ (ਸੰਸਾਰ ਤੋਂ) ਚਲੇ ਜਾ ਰਹੇ ਹਨ, ਕਈ ਪਹਿਲਾਂ ਚਲੇ ਗਏ ਹਨ, ਬਾਕੀ ਰਹਿੰਦੇ ਸੱਜਨ ਵੀ ਫਿਰ ਚਲੇ ਜਾਣਗੇ (ਸੰਸਾਰ ਵਿਚ ਕੋਈ ਵੀ ਜੀਵ ਸਥਿਰ ਰਹਿਣ ਵਾਲਾ ਨਹੀਂ)।ਜਿਨ੍ਹਾਂ ਪ੍ਰਾਣੀਆਂ ਨੇ ਸਤਿਗੁਰੂ ਦੀ ਸੇਵਾ ਨਹੀਂ ਕੀਤੀ, ਉਹ (ਸੰਸਾਰ ਵਿਚ) ਜਨਮ ਲੈ ਕੇ ਆਏ ਅਤੇ (ਬਿਨਾ ਸਿਮਰਨ ਕੀਤਿਆਂ ਦੁਖ ਭੋਗ ਕੇ ਸੰਸਾਰ ਵਿਚੋਂ) ਪਛਾਉਂਦੇ ਹੋਏ ਚਲੇ ਗਏ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜੇ ਮਨੁੱਖ ਸੱਚੇ ਨਾਮ ਵਿਚ ਰੰਗੇ ਹੋਏ ਹਨ, ਉਹ (ਹਰੀ ਤੋਂ) ਵਿਛੜਦੇ ਨਹੀਂ, (ਕਿਉਂਕਿ ਉਹ) ਸਤਿਗੁਰੂ ਦੀ ਸੇਵਾ ਕਰਕੇ ਹਰੀ ਨਾਲ ਮਿਲੇ ਹੋਏ ਹਨ।੨।

ਪਉੜੀ ॥ ਤਿਸੁ ਮਿਲੀਐ ਸਤਿਗੁਰ ਸਜਣੈ, ਜਿਸੁ ਅੰਤਰਿ ਹਰਿ ਗੁਣ ਕਾਰੀ ॥ ਤਿਸੁ ਮਿਲੀਐ ਸਤਿਗੁਰ ਪ੍ਰੀਤਮੈ, ਜਿਨਿ ਹਉਮੈ ਵਿਚਹੁ ਮਾਰੀ ॥ ਸੋ ਸਤਿਗੁਰੁ ਪੂਰਾ ਧੰਨੁ ਧੰਨੁ ਹੈ, ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਟਿ ਸਵਾਰੀ ॥ ਨਿਤ ਜਪਿਅਹੁ ਸੰਤਹੁ ਰਾਮ ਨਾਮੁ ,ਭਉਜਲ ਬਿਖੁ ਤਾਰੀ ॥ ਗੁਰਿ ਪੂਰੈ ਹਰਿ ਉਪਦੇਸਿਆ, ਗੁਰ ਵਿਟੜਿਅਹੁ ਹੰਉ ਸਦ ਵਾਰੀ ॥੨॥ ਉਸ ਸਤਿਗੁਰੂ ਸੱਜਨ ਨੂੰ ਮਿਲਣਾ ਚਾਹੀਦਾ ਹੈ, ਜਿਸ ਦੇ ਹਿਰਦੇ ਅੰਦਰ ਗੁਣਾਂ ਦਾ ਕਰਤਾ ਹਰੀ ਵਸਦਾ ਹੈ।ਉਸ ਪਿਆਰੇ ਸਤਿਗੁਰੂ ਨੂੰ ਮਿਲਣਾ ਚਾਹੀਦਾ ਹੈ, ਜਿਸ ਨੇ (ਅਪਣੇ ਅਤੇ ਸਿੱਖਾਂ ਦੇ) ਹਿਰਦੇ ਵਿਚੋਂ ਹਉਮੈ ਮਾਰ ਦਿਤੀ ਹੈ।ਉਹ ਪੂਰਾ ਸਤਿਗੁਰੂ ਧੰਨ ਧੰਨ ਹੈ, ਜਿਸ ਨੇ ਹਰੀ ਦੇ ਨਾਮ ਦਾ ਉਪਦੇਸ ਦੇ ਕੇ ਸਾਰੀ ਸ੍ਰਿਸਟੀ ਸਵਾਰ ਦਿਤੀ ਹੈ।ਹੇ ਸੰਤ ਜਨੋਂ! ਰਾਮ ਦਾ ਨਾਮ ਨਿਤ ਜਪਿਆ ਕਰੋ, ਜੋ ਬਿਖ ਰੂਪ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਹੈ।ਪੂਰੇ ਗੁਰੂ ਨੇ (ਮੈਨੂੰ) ਹਰੀ ਦੇ ਨਾਮ ਦਾ ਉਪਦੇਸ਼ ਦਿਤਾ ਹੈ, ਮੈਂ ਗੁਰੂ ਤੋਂ ਸਦਾ ਕੁਰਬਾਨ ਜਾਂਦਾ ਹਾਂ।੨।

ਪਦਾਰਥ = ਆਕਾਰੁ–ਦਿਸਦਾ ਸੰਸਾਰ।ਨਿਰਭਉ–ਭੈ ਰਹਿਤ।ਸੋਇ–ਉਹ ਹੀ।ਸੇਵਿਐ–ਸੇਵਾ ਕਰਨ ਨਾਲ।ਮਨਿ–ਮਨ ਵਿਚ।ਤਿਥੈ–ਉਥੇ।ਪੋਹਿ ਨ ਸਕੈ–ਅਸਰ ਨਹੀਂ ਕਰ ਸਕਦਾ।ਭਾਵੈ–ਚੰਗਾ ਲਗਦਾ ਹੈ।ਸੁ–ਉਹ।ਪਤਿ–ਇੱਜਤ।੧।ਇਕਿ–ਕਈ।ਸਜਣ–ਸ੍ਰੇਸਟ

ਪੁਰਖ; ਮਿਤ੍ਰ।ਰਹਿੰਦੇ ਭੀ–ਬਾਕੀ ਰਹਿੰਦੇ ਵੀ।ਫੁਨਿ–ਫਿਰ।ਜਿਨੀ–ਜਿਨ੍ਹਾਂ ਨੇ।ਸੇ–ਉਹ।ਸਚਿ ਰਤੇ–ਸੱਚੇ ਨਾਮ ਵਿਚ ਰੰਗੇ ਹੋਏ। ਸਮਾਹਿ–ਮਿਲ ਹੋਏ ਹਨ।ਪਉੜੀ।ਅੰਤਰਿ–ਹਿਰਦੇ ਅੰਦਰ।ਗੁਣ ਕਾਰੀ–ਗੁਣਾਂ ਦਾ ਕਰਤਾ।ਜਿਨਿ–ਜਿਸ ਨੇ।ਵਿਚਹੁ–ਮਨ ਵਿਚੋਂ।ਦੇ–ਦੇ ਕੇ।ਸਵਾਰੀ–ਸੁਧਾਰ ਦਿਤੀ ਹੈ।ਨਿਤ–ਹਰ ਰੋਜ।ਬਿਖੁ–ਜਹਿਰ ਰੂਪ।ਭਉਜਲ–ਸੰਸਾਰ ਸਮੁੰਦਰ।ਤਾਰੀ–ਤਾਰਨ ਵਾਲਾ।ਵਿਟੜਿਅਹੁ –ਤੋਂ।ਹੰਉ–ਮੈਂ।ਸਦ ਵਾਰੀ–ਸਦਾ ਕੁਰਬਾਨ ਜਾਂਦਾ ਹਾਂ।੨।

ਸਲੋਕੁ ਮਃ ੩ ॥ ਸਤਿਗੁਰ ਕੀ ਸੇਵਾ ਚਾਕਰੀ, ਸੁਖੀ ਹੂੰ ਸੁਖ ਸਾਰੁ ॥ ਐਥੈ ਮਿਲਨਿ ਵਡਿਆਈਆ, ਦਰਗਹ ਮੋਖ ਦੁਆਰੁ ॥ ਸਚੀ ਕਾਰ ਕਮਾਵਣੀ, ਸਚੁ ਪੈਨਣੁ ਸਚੁ ਨਾਮੁ ਅਧਾਰੁ ॥ ਸਚੀ ਸੰਗਤਿ ਸਚਿ ਮਿਲੈ, ਸਚੈ ਨਾਇ ਪਿਆਰੁ ॥ ਸਚੈ ਸਬਦਿ ਹਰਖੁ ਸਦਾ, ਦਰਿ ਸਚੈ ਸਚਿਆਰੁ ॥ ਨਾਨਕ ਸਤਿਗੁਰ ਕੀ ਸੇਵਾ ਸੋ ਕਰੈ, ਜਿਸ ਨੋ ਨਦਰਿ ਕਰੈ ਕਰਤਾਰੁ ॥੧॥ (ਹੇ ਭਾਈ!) ਸਤਿਗੁਰੂ ਦੀ ਟਹਿਲ ਸੇਵਾ ਸੁੱਖਾਂ ਵਿਚੋਂ ਸ੍ਰੇਸਟ ਸੁਖ ਦੇਣ ਵਾਲੀ ਹੈ।(ਸੇਵਾ ਕਰਨ ਵਾਲੇ ਨੂੰ) ਇਸ ਲੋਕ ਵਿਚ ਵਡਿਆਈਆਂ ਮਿਲਦੀਆਂ ਹਨ ਤੇ ਦਰਗਾਹ ਵਿਚ ਗਿਆਂ ਮੁਕਤੀ ਦਾ ਦਰਵਾਜਾ ਖੁਲ੍ਹਾ ਮਿਲਦਾ ਹੈ (ਦਰਗਾਹ ਵਿਚ ਥਾਂ ਮਿਲ ਜਾਂਦੀ ਹੈ)।ਸੱਚੀ ਸੇਵਾ ਕਰਨ ਨਾਲ (ਮਨੁੱਖ ਨੂੰ) ਸੱਚ ਰੂਪ ਪੁਸ਼ਾਕ ਮਿਲ ਜਾਂਦੀ ਹੈ ਅਤੇ ਸੱਚਾ ਨਾਮ ਰੂਪ ਆਸਰਾ ਮਿਲ ਜਾਂਦਾ ਹੈ।(ਗੁਰੂ ਦੀ) ਸੱਚੀ ਸੰਗਤ ਵਿਚ ਸੱਚੇ ਪ੍ਰਭੂ ਨਾਲ ਮਿਲ ਜਾਈਦਾ ਹੈ ਅਤੇ ਸੱਚੇ ਪ੍ਰਭੂ ਦੇ ਨਾਮ ਵਿਚ ਪਿਆਰ ਪੈ ਜਾਂਦਾ ਹੈ।ਸੱਚੇ ਗੁਰੂ ਦੇ ਸ਼ਬਦ ਦੁਆਰਾ (ਸੇਵਕ ਨੂੰ) ਸਦਾ ਖੁਸ਼ੀ ਮਿਲਦੀ ਹੈ ਅਤੇ ਸੱਚੇ ਪ੍ਰਭੂ ਦੇ ਦਰ ਤੇ (ਸੇਵਕ) ਸਚਿਆਰ ਹੋ ਕੇ ਪੁਜਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦੀ ਸੇਵਾ ਉਹ ਮਨੁੱਖ ਕਰਦਾ ਹੈ, ਜਿਸ ਉਤੇ ਕਰਤਾਰ ਮੇਹਰ ਦੀ ਨਜਰ ਕਰਦਾ ਹੈ।੧।

ਮਃ ੩ ॥ ਹੋਰ ਵਿਡਾਣੀ ਚਾਕਰੀ, ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥ ਅੰਮ੍ਰਿਤੁ ਛੋਡਿ ਬਿਖੁ ਲਗੇ, ਬਿਖੁ ਖਟਣਾ ਬਿਖੁ ਰਾਸਿ ॥ ਬਿਖੁ ਖਾਣਾ ਬਿਖੁ ਪੈਨਣਾ, ਬਿਖੁ ਕੇ ਮੁਖਿ ਗਿਰਾਸ ॥ ਐਥੈ ਦੁਖੋ ਦੁਖੁ ਕਮਾਵਣਾ, ਮੁਇਆ ਨਰਕਿ ਨਿਵਾਸੁ ॥ ਮਨਮੁਖਿ ਮੁਹਿ ਮੈਲੈ ਸਬਦੁ ਨ ਜਾਣਨੀ, ਕਾਮ ਕਰੋਧਿ ਵਿਣਾਸੁ ॥ ਸਤਿਗੁਰ ਕਾ ਭਉ ਛੋਡਿਆ, ਮਨ ਹਠਿ ਕੰਮੁ ਨ ਆਵੈ ਰਾਸਿ ॥ ਜਮਪੁਰਿ ਬਧੇ ਮਾਰੀਅਹਿ, ਕੋ ਨ ਸੁਣੇ ਅਰਦਾਸਿ ॥ ਨਾਨਕ ਪੂਰਬਿ ਲਿਖਿਆ ਕਮਾਵਣਾ, ਗੁਰਮੁਖਿ ਨਾਮਿ ਨਿਵਾਸੁ ॥੨॥ (ਜਿਹੜੇ ਲੋਕ ਗੁਰੂ ਦੀ ਸੇਵਾ ਛਡ ਕੇ) ਹੋਰ ਵਿਗਾਨੀ (ਦੇਵੀ ਦੇਵਤਿਆਂ ਦੀ) ਟਹਿਲ ਕਰਦੇ ਹਨ, (ਉਨ੍ਹਾਂ ਦੇ) ਜੀਵਨ ਨੂੰ ਧ੍ਰਿਕਾਰ ਹੈ ਅਤੇ (ਉਨ੍ਹਾਂ ਦਾ ਜਗਤ ਵਿਚ) ਨਿਵਾਸ ਵੀ ਧ੍ਰਿਗ ਹੈ।(ਉਹ) ਨਾਮ ਰੂਪ ਅੰਮ੍ਰਿਤ ਨੂੰ ਛਡ ਕੇ ਜਹਿਰ ਰੂਪ ਮਾਇਆ ਇਕੱਠੀ ਕਰਨ ਲੱਗੇ ਹੋਏ ਹਨ, (ਉਨ੍ਹਾਂ ਦਾ) ਕਮਾਈ ਕਰਨਾ ਜਹਿਰ ਰੂਪ ਹੈ, (ਉਨ੍ਹਾਂ ਦੀ) ਪੂੰਜੀ ਵੀ ਜਹਿਰ ਰੂਪ ਹੈ।(ਉਨ੍ਹਾਂ ਦਾ) ਖਾਣਾ ਜਹਿਰ ਰੂਪ ਹੈ, ਪੈਨ੍ਹਣਾ ਜਹਿਰ ਰੂਪ ਹੈ ਅਤੇ ਮੂੰਹ ਵਿਚ ਵੀ ਜਹਿਰ ਦੇ ਹੀ ਗਿਰਾਸ ਪਾਉਂਦੇ ਹਨ।(ਅਜੇਹੇ ਮਨੁੱਖ) ਇਸ ਲੋਕ ਵਿਚ ਦੁਖ ਹੀ ਦੁਖ ਕਮਾਉਂਦੇ ਹਨ ਤੇ ਮਰਿਆਂ ਤੋਂ ਬਾਦ (ਇਨ੍ਹਾਂ ਦਾ) ਵਾਸਾ ਨਰਕ ਵਿਚ ਹੁੰਦਾ ਹੈ।ਮਨਮੁਖ ਮੈਲੇ ਮੂੰਹ ਵਾਲੇ ਹਨ, (ਕਿਉਂਕਿ ਉਹ ਗੁਰੂ ਦੇ) ਸ਼ਬਦ ਨੂੰ ਨਹੀਂ ਜਾਣਦੇ ਅਤੇ ਉਹ ਕਾਮ ਕ੍ਰੋਧ ਵਿਚ ਹੀ ਨਾਸ਼ ਹੋ ਜਾਂਦੇ ਹਨ।(ਉਨ੍ਹਾਂ ਨੇ) ਸਤਿਗੁਰੂ ਦਾ ਭੈ ਛਡ ਦਿਤਾ ਹੈ, ਮਨ ਦੇ ਹਠ ਕਰਕੇ (ਉਨ੍ਹਾਂ ਦਾ ਕੋਈ ਵੀ ਕੀਤਾ) ਕੰਮ ਰਾਸ ਨਹੀਂ ਆਉਂਦਾ (ਸਫਲ ਨਹੀਂ ਹੁੰਦਾ।ਉਹ) ਜਮ ਪੁਰੀ ਵਿਚ ਬੰਨ੍ਹੇ ਮਾਰੇ ਕੁੱਟੇ ਜਾਂਦੇ ਹਨ, (ਉਥੇ ਉਨ੍ਹਾਂ ਦੀ) ਕੋਈ ਵੀ ਚੀਖ ਪੁਕਾਰ ਨਹੀਂ ਸੁਣਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਪਹਿਲੇ ਜਨਮਾਂ ਦਾ ਲਿਖਿਆ ਜੋ ਲੇਖ ਹੈ, (ਉਸ ਅਨੁਸਾਰ ਹੀ ਮਨਮੁਖ) ਕਰਮ ਕਰਦਾ ਹੈ, (ਪਰ ਜੇ) ਗੁਰਮੁਖ ਬਣ ਜਾਈਏ ਤਾਂ ਨਾਮ ਵਿਚ ਨਿਵਾਸ ਹੁੰਦਾ ਹੈ।੨।

ਪਉੜੀ ॥ ਸੋ ਸਤਿਗੁਰੁ ਸੇਵਿਹੁ ਸਾਧ ਜਨੁ ,ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ॥ ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ, ਜਿਨਿ ਜਗੰਨਾਥੁ ਜਗਦੀਸੁ ਜਪਾਇਆ ॥ ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ, ਜਿਨਿ ਹਰਿ ਕਾ ਹਰਿ ਪੰਥੁ ਬਤਾਇਆ ॥ ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ,ਜਿਨਿ ਮੋਹ ਅੰਧੇਰੁ ਚੁਕਾਇਆ ॥ ਸੋ ਸਤਿਗੁਰੁ ਕਹਹੁ ਸਭਿ ਧੰਨੁ ਧੰਨੁ ,ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥੩॥ ਹੇ ਸਾਧੂ ਜਨੋਂ! (ਤੁਸੀਂ) ਉਸ ਸਤਿਗੁਰੂ ਦੀ ਸੇਵਾ ਕਰੋ, ਜਿਸ ਨੇ (ਲੋਕਾਈ ਨੂੰ) ਹਰਿ ਹਰਿ ਨਾਮ ਦ੍ਰਿੜ ਕਰਾਇਆ ਹੈ।ਉਸ ਸਤਿਗੁਰੂ ਦੀ ਪੂਜਾ ਦਿਨ ਰਾਤ ਕਰੋ, ਜਿਸ ਨੇ ਜਗਤ ਦੇ ਮਾਲਕ ਕਰਤਾਰ ਨੂੰ ਜਪਾਇਆ ਹੈ (ਸਤਿਗੁਰੂ ਨੇ ਅਪਣਾ ਨਾਮ ਜਪਾਇਆ ਨਹੀਂ)।ਉਸ ਸਤਿਗੁਰੂ ਨੂੰ ਇਕ ਪਲ ਪਲ ਮਗਰੋਂ ਦੇਖੋ (ਵਾਰ ਵਾਰ; ਲਗਾਤਾਰ ਦਰਸ਼ਨ ਕਰੋ), ਜਿਸ ਨੇ ਹਰੀ ਦੇ ਮਿਲਣ ਦਾ ਰਸਤਾ (ਸਾਨੂੰ) ਦਸਿਆ ਹੈ।(ਤੁਸੀਂ) ਸਾਰੇ ਉਸ ਸਤਿਗੁਰੂ ਦੇ ਪੈਰੀਂ ਪਵੋ, ਜਿਸ ਨੇ (ਸਿੱਖਾਂ ਦੇ ਮਨਾਂ ਵਿਚੋਂ) ਮੋਹ ਦਾ ਹਨ੍ਹੇਰਾ ਦੂਰ ਕਰ ਦਿਤਾ ਹੈ।ਉਸ ਸਤਿਗੁਰੂ ਨੂੰ ਸਾਰੇ ਜਣੇ ਧੰਨ ਧੰਨ ਕਹੋ, ਜਿਸ ਨੇ (ਜਗਤ ਨੂੰ) ਹਰੀ ਦੀ ਭਗਤੀ ਦਾ ਭੰਡਾਰ ਲਭਾ ਦਿਤਾ ਹੈ।੩।

ਪਦਾਰਥ = ਚਾਕਰੀ–ਟਹਿਲ।ਸਾਰੁ–ਸ੍ਰੇਸਟ।ਐਥੈ–ਇਥੇ (ਇਸ ਲੋਕ ਵਿਚ)।ਮੋਖ ਦੁਆਰੁ–ਮੁਕਤੀ ਦਾ ਦਰਵਾਜਾ।ਕਾਰ–ਸੇਵਾ। ਪੈਨਣੁ–ਪੁਸ਼ਾਕ।ਅਧਾਰੁ–ਆਸਰਾ।ਸਚੈ ਨਾਇ–ਸੱਚੇ ਪ੍ਰਭੂ ਦੇ ਨਾਮ ਵਿਚ।ਹਰਖੁ–ਖੁਸ਼ੀ।ਜਿਸ ਨੋ–ਜਿਸ ਉਤੇ।ਨਦਰਿ–ਮੇਹਰ ਦੀ

ਨਜਰ।੧।ਵਿਡਾਣੀ-ਬਿਗਾਨੀ; ਦਿਖਾਵੇ ਦੀ।ਧ੍ਰਿਗੁ-ਧ੍ਰਿਕਾਰ; ਲਾਹਣਤ।ਖਟਣਾ-ਕਮਾਈ ਕਰਨਾ।ਰਾਸਿ-ਪੂੰਜੀ।ਬਿਖੁ-ਜਹਿਰ। ਮੁਖਿ-ਮੂੰਹ ਵਿਚ।ਗਿਰਾਸ-ਬੁਰਕੀਆਂ; ਭੋਜਨ।ਮੁਹਿ-ਮੂੰਹ।ਵਿਣਾਸੁ-ਨਾਸ਼ ਹੋ ਜਾਂਦੇ ਹਨ।ਮਨ ਹਠਿ-ਮਨ ਦੇ ਹਠ ਕਰਕੇ।ਰਾਸਿ-ਠੀਕ; ਸਫਲ।ਬਧੇ-ਬੰਨ੍ਹੇ ਹੋਏ।ਕੋ ਨ-ਕੋਈ ਨਹੀਂ।ਅਰਦਾਸਿ-ਬੇਨਤੀ; ਚੀਖ ਪੁਕਾਰ।ਪੂਰਬਿ ਲਿਖਿਆ-ਪਹਿਲੇ ਜਨਮਾਂ ਵਿਚ ਕੀਤੇ ਕਰਮਾਂ ਦਾ ਲਿਖਿਆ ਲੇਖ।ਨਾਮਿ-ਨਾਮ ਵਿਚ।੨।ਪਉੜੀ।ਸੋ-ਉਹ; ਉਸ।ਸੇਵਿਹੁ-ਸੇਵਾ ਕਰੋ।ਸਾਧ ਜਨੁ-ਹੇ ਸਾਧੂ ਜਨੋਂ!।ਜਿਨਿ-ਜਿਸ ਨੇ।ਜਗੰਨਾਥੁ-ਜਗਤ ਦਾ ਮਾਲਕ ਪ੍ਰਭੂ।ਜਗਦੀਸ-ਜਗਤ ਦਾ ਮਾਲਕ ਪ੍ਰਭੂ।ਨਿਮਖ-ਅੱਖ ਝਮਕਣ ਜਿਤਨਾ ਸਮਾਂ।ਪੰਥੁ-ਰਸਤਾ। ਪਗੀ-ਪੈਰੀਂ (ਚਰਨੀਂ)।ਪਵਹੁ-ਪਵੋ।ਚੁਕਾਇਆ-ਦੂਰ ਕੀਤਾ।ਲਹਾਇਆ-ਲਭਾਇਆ (ਪ੍ਰਾਪਤ ਕਰਾਇਆ)।੩।

ਸਲੋਕੁ ਮਃ ੩ ॥ ਸਤਿਗੁਰਿ ਮਿਲਿਐ ਭੁਖ ਗਈ, ਭੇਖੀ ਭੁਖ ਨ ਜਾਇ ॥ (ਹੇ ਭਾਈ!) ਸਤਿਗੁਰੂ ਦੇ ਮਿਲਣ ਨਾਲ ਭੁੱਖ ਦੂਰ ਹੁੰਦੀ ਹੈ, (ਪਰ) ਭੇਖ ਧਾਰਨ ਨਾਲ (ਪਦਾਰਥਾਂ ਦੀ) ਭੁੱਖ ਜਾਂਦੀ ਨਹੀਂ।

ਅੰਗ ੫੮੭ = ਦੁਖਿ ਲਗੈ ਘਰਿ ਘਰਿ ਫਿਰੈ, ਅਗੈ ਦੂਣੀ ਮਿਲੈ ਸਜਾਇ ॥ ਅੰਦਰਿ ਸਹਜੁ ਨ ਆਇਓ, ਸਹਜੇ ਹੀ ਲੈ ਖਾਇ ॥ ਮਨ ਹਠਿ ਜਿਸ ਤੇ ਮੰਗਣਾ, ਲੈਣਾ ਦੁਖੁ ਮਨਾਇ ॥ ਇਸੁ ਭੇਖੈ ਥਾਵਹੁ ਗਿਰਹੋ ਭਲਾ, ਜਿਥਹੁ ਕੋ ਵਰਸਾਇ ॥ ਸਬਦਿ ਰਤੇ ਤਿਨਾ ਸੋਝੀ ਪਈ, ਦੂਜੈ ਭਰਮਿ ਭੁਲਾਇ ॥ ਪਇਐ ਕਿਰਤਿ ਕਮਾਵਣਾ, ਕਹਣਾ ਕਛੂ ਨ ਜਾਇ ॥ ਨਾਨਕ ਜੋ ਤਿਸੁ ਭਾਵਹਿ ਸੇ ਭਲੇ, ਜਿਨ ਕੀ ਪਤਿ ਪਾਵਹਿ ਥਾਇ ॥੧॥ (ਭੇਖੀ ਮਨੁੱਖ ਭੁੱਖ ਦਾ) ਦੁਖ ਲਗਣ ਕਰਕੇ ਘਰ ਘਰ (ਮੰਗਦਾ) ਫਿਰਦਾ ਹੈ, ਅੱਗੇ ਪ੍ਰਲੋਕ ਵਿਚ (ਉਸ ਨੂੰ) ਦੂਣੀ ਸਜਾ ਮਿਲਦੀ ਹੈ।(ਕਿਉਂਕਿ ਉਸ ਦੇ ਮਨ) ਅੰਦਰ ਟਿਕਾਉ ਨਹੀਂ ਆਇਆ, (ਜੇ ਟਿਕਾਉ ਆ ਜਾਂਦਾ ਤਾਂ ਜੋ ਕੁਛ ਮਿਲਦਾ, ਉਹ) ਸੰਤੋਖ ਨਾਲ ਲੈ ਕੇ ਖਾ ਲੈਂਦਾ।(ਸਹਿਜ ਦੇ ਉਲਟ) ਮਨ ਦੇ ਹਠ ਕਰਕੇ ਜਿਸ ਤੋਂ ਦਾਨ ਮੰਗਣਾ ਹੈ, (ਉਸ ਨੂੰ) ਦੁਖ ਮਨਵਾ ਕੇ ਦਾਨ ਲੈਣਾ ਹੁੰਦਾ ਹੈ (ਮਨ ਦੇ ਜੋਰ ਨਾਲ ਮੰਗਿਆ ਦਾਨ, ਦੇਣ ਵਾਲੇ ਨੂੰ ਵੀ ਦੁਖੀ ਕਰਦਾ ਹੈ)।ਇਸ ਭੇਖ ਨਾਲੋਂ ਤਾਂ ਗ੍ਰਿਹਸਤ ਹੀ ਚੰਗਾ ਹੈ ,ਜਿਥੋਂ ਕੋਈ ਲੋੜਵੰਦ ਲਾਭ ਲੈਂਦਾ ਹੈ।(ਜਿਹੜੇ ਮਨੁੱਖ ਗੁਰੂ ਦੇ) ਸ਼ਬਦ ਵਿਚ ਰੰਗੇ ਹੋਏ ਹਨ, ਉਨ੍ਹਾਂ ਨੂੰ ਸਮਝ ਪੈ ਗਈ ਹੈ, ਦੂਜੇ (ਗੁਰੂ ਤੋਂ ਬੇਮੁਖ ਲੋਕ) ਭਰਮ ਵਿਚ ਭੁੱਲੇ ਫਿਰਦੇ ਹਨ।ਪਿਛਲੇ ਜਨਮਾਂ ਦੀ ਪਈ ਕਿਰਤ ਅਨੁਸਾਰ (ਹਰੇਕ ਜੀਵ ਨੂੰ) ਕਮਾਈ ਕਰਨੀ ਪੈਂਦੀ ਹੈ, (ਇਸ ਬਾਰੇ) ਹੋਰ ਕੁਛ ਕਿਹਾ ਨਹੀਂ ਜਾ ਸਕਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਭਲੇ ਪੁਰਖ ਹਨ, ਜੋ ਉਸ ਪ੍ਰਭੂ ਨੂੰ ਚੰਗੇ ਲਗਦੇ ਹਨ ਅਤੇ ਜਿਨ੍ਹਾਂ ਦੀ ਇੱਜਤ ਲੇਖੇ ਵਿਚ ਪਾਉਂਦਾ (ਪ੍ਰਭੂ ਪ੍ਰਵਾਨ ਕਰਦਾ) ਹੈ।੧।

ਮਃ ੩ ॥ ਸਤਿਗੁਰਿ ਸੇਵਿਐ ਸਦਾ ਸੁਖੁ ,ਜਨਮ ਮਰਣ ਦੁਖੁ ਜਾਇ ॥ ਚਿੰਤਾ ਮੂਲਿ ਨ ਹੋਵਈ, ਅਚਿੰਤੁ ਵਸੈ ਮਨਿ ਆਇ ॥ ਅੰਤਰਿ ਤੀਰਥੁ ਗਿਆਨੁ ਹੈ, ਸਤਿਗੁਰਿ ਦੀਆ ਬੁਝਾਇ ॥ ਮੈਲੁ ਗਈ ਮਨੁ ਨਿਰਮਲੁ ਹੋਆ, ਅੰਮ੍ਰਿਤਸਰਿ ਤੀਰਥਿ ਨਾਇ ॥ ਸਜਣ ਮਿਲੇ ਸਜਣਾ, ਸਚੈ ਸਬਦਿ ਸੁਭਾਇ ॥ ਘਰ ਹੀ ਪਰਚਾ ਪਾਇਆ, ਜੋਤੀ ਜੋਤਿ ਮਿਲਾਇ ॥ ਪਾਖੰਡਿ ਜਮਕਾਲੁ ਨ ਛੋਡਈ, ਲੈ ਜਾਸੀ ਪਤਿ ਗਵਾਇ ॥ ਨਾਨਕ ਨਾਮਿ ਰਤੇ ਸੇ ਉਬਰੇ, ਸਚੇ ਸਿਉ ਲਿਵ ਲਾਇ ॥੨॥ ਸਤਿਗੁਰੂ ਦੀ ਸੇਵਾ ਕਰਨ ਨਾਲ ਸਦਾ ਸੁਖ ਹੁੰਦਾ ਹੈ ਅਤੇ ਜਨਮ ਮਰਣ ਦਾ ਦੁਖ ਦੂਰ ਹੋ ਜਾਂਦਾ ਹੈ।(ਸੇਵਾ ਕਰਨ ਵਾਲੇ ਨੂੰ) ਚਿੰਤਾ ਬਿਲਕੁਲ ਨਹੀਂ ਹੁੰਦੀ, (ਕਿਉਂਕਿ) ਚਿੰਤਾ ਰਹਿਤ ਪ੍ਰਭੂ (ਉਸ ਦੇ) ਮਨ ਵਿਚ ਆ ਕੇ ਵਸ ਜਾਂਦਾ ਹੈ।(ਉਸ ਨੂੰ) ਸਤਿਗੁਰੂ ਨੇ ਸਮਝਾ ਦਿਤਾ ਹੈ ਕਿ ਗਿਆਨ ਰੂਪ ਤੀਰਥ ਹਿਰਦੇ ਦੇ ਅੰਦਰ ਹੀ ਹੈ। (ਗਿਆਨ ਰੂਪ) ਅੰਮ੍ਰਿਤ ਦੇ ਸਰੋਵਰ ਤੀਰਥ ਵਿਚ ਨਹਾ ਕੇ (ਉਸ ਦੀ ਵਿਸ਼ੇ ਵਿਕਾਰਾਂ ਦੀ) ਮੈਲ ਚਲੇ ਗਈ ਅਤੇ ਮਨ ਪਵਿਤ੍ਰ ਹੋ ਗਿਆ ਹੈ।ਸੱਚੇ (ਸਤਿਗੁਰੂ) ਦੇ ਸ਼ਬਦ ਵਿਚ ਪ੍ਰੇਮ ਕਰਨ ਨਾਲ ਅਜੇਹੇ ਸਜਣ ਪੁਰਖ, ਪ੍ਰਭੂ ਸੱਜਣ ਨਾਲ ਮਿਲ ਗਏ ਹਨ।(ਉਨ੍ਹਾਂ ਨੇ) ਘਰ ਵਿਚ ਹੀ ਗਿਆਨ ਪ੍ਰਾਪਤ ਕਰ ਲਿਆ ਹੈ ਅਤੇ ਰੱਬੀ ਜੋਤ ਨਾਲ ਅਪਣੀ ਆਤਮ ਜੋਤ ਮਿਲਾ ਲਈ ਹੈ।(ਹੇ ਭਾਈ!) ਪਖੰਡ ਵਾਲੇ ਕਰਮ ਕਰਨ ਨਾਲ ਕਾਲ ਕਰਨ ਵਾਲਾ ਜਮ ਛਡਦਾ ਨਹੀਂ, ਇੱਜਤ ਗੁਆ (ਬੇਇੱਜਤ ਕਰ) ਕੇ ਲੈ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਹਰੀ ਦੇ) ਨਾਮ ਵਿਚ ਰੰਗੇ ਹੋਏ ਹਨ, ਉਹ ਸੱਚੇ ਪ੍ਰਭੂ ਨਾਲ ਲਿਵ ਲਾ ਕੇ (ਜਮ ਤੋਂ) ਬਚ ਜਾਂਦੇ ਹਨ।੨।

ਪਦਾਰਥ = ਭੁਖ-(ਪਦਾਰਥਾਂ ਦੀ) ਭੁੱਖ।ਭੇਖੀ-ਭੇਖ ਧਾਰਨ ਨਾਲ।ਫਿਰੈ-ਫਿਰਦਾ ਹੈ।ਅਗੈ-ਅੱਗੇ ਪ੍ਰਲੋਕ ਵਿਚ।ਦੂਣੀ-ਦੁੱਗਣੀ। ਅੰਦਰਿ-ਮਨ ਦੇ ਅੰਦਰ।ਸਹਜੁ-ਟਿਕਾਉ; ਸ਼ਾਂਤੀ।ਸਹਜੇ ਹੀ ਲੈ ਖਾਇ-ਜੋ ਸੁਭਾਵਕ ਹੀ ਮਿਲੇ, ਉਹ ਲੈ ਕੇ ਖਾ ਲਵੇ; ਸੰਤੋਖ ਨਾਲ ਲੈ ਕੇ ਖਾ ਲਵੇ।ਮਨ ਹਠਿ-ਮਨ ਦੇ ਹਠ ਕਰਕੇ।ਤੇ-ਤੋਂ।ਮਨਾਇ-ਮਨਵਾ ਕੇ।ਥਾਵਹੁ-ਨਾਲੋਂ।ਗਿਰਹੋ-ਗ੍ਰਿਹਸਤ।ਕੋ-(ਸਭ) ਕੋਈ। ਵਰਸਾਇ-ਲਾਭ ਲੈਂਦਾ ਹੈ।ਰਤੇ-ਰੰਗੇ ਹੋਏ।ਤਿਨਾ-ਉਨ੍ਹਾਂ ਨੂੰ।ਸੋਝੀ-ਸਮਝ; ਗਿਆਨ।ਦੂਜੈ-ਦੂਜੇ (ਗੁਰੂ ਤੋਂ ਬੇਮੁਖ) ਲੋਕ।ਕਿਰਤਿ-ਪਿਛਲੇ ਕੀਤੇ ਕਰਮਾਂ ਅਨੁਸਾਰ।ਕਮਾਵਣੀ-ਕਮਾਈ ਕਰਦਾ ਹੈ।ਭਾਵਹਿ-ਚੰਗੇ ਲਗਦੇ ਹਨ।ਸੇ ਭਲੇ-ਉਹ ਚੰਗੇ ਹਨ।ਪਤਿ-ਇੱਜਤ। ਪਾਵਹਿ ਥਾਇ-ਲੇਖੇ ਵਿਚ ਪਾਉਂਦਾ (ਪ੍ਰਵਾਨ ਕਰਦਾ) ਹੈ।੧।ਮੂਲਿ ਨ-ਬਿਲਕੁਲ ਨਹੀਂ।ਅਚਿੰਤੁ-ਚਿੰਤਾ ਰਹਿਤ ਪ੍ਰਭੂ; ਅਚਾਨਕ

ਖਿਆਲ ਕੀਤੇ ਬਿਨਾ। ਮਨਿ–ਮਨ ਵਿਚ। ਅੰਤਰਿ–ਹਿਰਦੇ ਅੰਦਰ। ਸਤਿਗੁਰਿ–ਸਤਿਗੁਰੂ ਨੇ। ਅੰਮ੍ਰਿਤਸਰਿ–ਅੰਮ੍ਰਿਤ ਦੇ ਸਰੋਵਰ ਵਿਚ। ਨਾਇ–ਨਹਾ ਕੇ। ਸਜਣ–ਭਲੇ ਪੁਰਖ। ਸਜਣਾ–ਸੱਜਣ ਪ੍ਰਭੂ ਨੂੰ। ਸੁਭਾਇ–ਪ੍ਰੇਮ ਕਰਨ ਨਾਲ। ਘਰ–ਹਿਰਦਾ ਘਰ। ਪਰਚਾ–ਗਿਆਨ। ਜਮ ਕਾਲੁ–ਕਾਲ ਕਰਨ ਵਾਲਾ ਜਮ। ਲੈ ਜਾਸੀ–ਲੈ ਜਾਵੇਗਾ। ਉਬਰੇ–ਬਚ ਗਏ। ਸਚੇ ਸਿਉ–ਸੱਚੇ ਪ੍ਰਭੂ ਨਾਲ।੨।

ਪਉੜੀ ॥ ਤਿਤੁ ਜਾਇ ਬਹਹੁ ਸਤ ਸੰਗਤੀ, ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥ ਸਹਜੇ ਹੀ ਹਰਿ ਨਾਮੁ ਲੇਹੁ ,ਹਰਿ ਤਤੁ ਨ ਖੋਈਐ ॥ ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ, ਹਰਿ ਦਰਗਹ ਢੋਈਐ ॥ ਸੋ ਪਾਏ ਪੂਰਾ ਸਤਗੁਰੂ ,ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ ॥ ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ ,ਜਿਨਿ ਹਰਿ ਕੀ ਹਰਿ ਗਾਲ ਗਲੋਈਐ ॥੪॥ (ਹੇ ਭਾਈ!) ਉਸ ਸਤ ਸੰਗਤ ਵਿਚ ਜਾ ਕੇ ਬੈਠੋ, ਜਿਥੇ ਹਰੀ ਦਾ ਹਰਿ ਨਾਮ ਵਿਚਾਰਿਆ ਜਾਂਦਾ ਹੈ। ਸਹਿਜ ਮਤੇ ਨਾਲ ਹੀ ਹਰੀ ਦਾ ਨਾਮ ਲਵੋ (ਜਪੋ, ਤਾਂ ਕਿ) ਹਰੀ ਦਾ ਨਾਮ ਰੂਪ ਤੱਤ ਗੁਆਚ ਨਾ ਜਾਵੇ (ਜਿਵੇਂ ਦਹੀਂ ਹੌਲੀ ਹੌਲੀ ਰਿੜਕਨ ਨਾਲ ਮੱਖਣ ਨਿਕਲਦਾ ਹੈ, ਵਿਗੜਾ ਨਹੀਂ, ਤਿਵੇਂ ਮਨ ਦਾ ਹਠ ਛਡ ਕੇ ਆਤਮਕ ਵਿਚਾਰ ਕੀਤਿਆਂ ਹਰੀ ਪ੍ਰਾਪਤ ਹੁੰਦਾ ਹੈ)। ਹਰ ਰੋਜ ਦਿਨ ਰਾਤ ਹਰਿ ਹਰਿ ਨਾਮ ਜਪਿਆ ਕਰੋ ,(ਤਾਂ ਜੋ ਤੁਹਾਨੂੰ) ਦਰਗਾਹ ਵਿਚ ਢੋਈ ਮਿਲ ਜਾਵੇ। ਉਹ ਮਨੁੱਖ ਪੂਰੇ ਸਤਿਗੁਰੂ ਨੂੰ ਪ੍ਰਾਪਤ ਕਰਦਾ ਹੈ, ਜਿਸ ਦੇ ਮੱਥੇ ਤੇ ਧੁਰ (ਪ੍ਰਭੂ ਦੀ ਹਜੂਰੀ) ਤੋਂ ਹੀ ਗੁਰੂ ਮਿਲਾਪ ਦਾ ਲੇਖ ਲਿਖਿਆ ਹੁੰਦਾ ਹੈ।(ਇਸ ਕਰਕੇ ਹੇ ਭਾਈ! ਤੁਸੀਂ) ਸਾਰੇ ਉਸ ਗੁਰੂ ਨੂੰ ਨਮਸ਼ਕਾਰ ਕਰੋ, ਜਿਸ ਗੁਰੂ ਨੇ ਹਰੀ ਦੀ ਗੱਲ ਕਹੀ (ਮਹਿਮਾ ਕੀਤੀ) ਹੈ।੪।

ਪਦਾਰਥ = ਤਿਤੁ–ਉਸ। ਬਹਹੁ–ਬੈਠੋ। ਬਿਲੋਈਐ–ਰਿੜਕਿਆ (ਵਿਚਾਰਿਆ) ਜਾਂਦਾ ਹੈ। ਸਹਜੇ ਹੀ–ਹੌਲੀ ਹੌਲੀ; ਸਹਿਜ ਮਤੇ (ਮਨ ਦੇ ਟਿਕਾਉ) ਨਾਲ ਹੀ। ਲੇਹੁ–ਲਵੋ (ਜਪੋ)। ਤਤੁ–ਮੱਖਣ। ਨ ਖੋਈਐ–ਗੁਆਚ ਨਾ ਜਾਵੇ (ਪ੍ਰਾਪਤ ਹੀ ਨਾ ਹੋਵੇ)। ਨਿਤ–ਹਰ ਰੋਜ; ਸਦਾ। ਢੋਈਐ–ਆਸਰਾ। ਸੋ–ਉਹ। ਧੁਰਿ–ਧੁਰ ਹਰੀ ਦੀ ਹਜੂਰੀ ਤੋਂ। ਮਸਤਕਿ ਲਿਲਾਟਿ–ਮੱਥੇ ਉਤੇ; ਮੱਥੇ ਉਤੇ ਸ਼੍ਰੋਮਣੀ (ਲੇਖ। ਸੰ.ਸ.; ਫ.ਸ.)। ਕੰਉ–ਨੂੰ। ਗਾਲ–ਗਲਬਾਤ; ਕਥਾ ਵਾਰਤਾ। ਗਲੋਈਐ–(ਪਹਾੜੀ 'ਗਲਾਈ') ਕਹੀ ਹੈ।੪।

ਸਲੋਕ ਮਃ ੩ ॥ ਸਜਣ ਮਿਲੇ ਸਜਣਾ, ਜਿਨ ਸਤਗੁਰ ਨਾਲਿ ਪਿਆਰੁ ॥ ਮਿਲਿ ਪ੍ਰੀਤਮ ਤਿਨੀ ਧਿਆਇਆ, ਸਚੈ ਪ੍ਰੇਮਿ ਪਿਆਰੁ ॥ ਮਨ ਹੀ ਤੇ ਮਨੁ ਮਾਨਿਆ, ਗੁਰ ਕੈ ਸਬਦਿ ਅਪਾਰਿ ॥ ਏਹਿ ਸਜਣ ਮਿਲੇ ਨ ਵਿਛੁੜਹਿ, ਜਿ ਆਪਿ ਮੇਲੇ ਕਰਤਾਰਿ ॥ ਇਕਨਾ ਦਰਸਨ ਕੀ ਪਰਤੀਤਿ ਨ ਆਈਆ, ਸਬਦਿ ਨ ਕਰਹਿ ਵੀਚਾਰੁ ॥ ਵਿਛੁੜਿਆ ਕਾ ਕਿਆ ਵਿਛੁੜੈ, ਜਿਨਾ ਦੂਜੈ ਭਾਇ ਪਿਆਰੁ ॥ ਮਨਮੁਖ ਸੇਤੀ ਦੋਸਤੀ, ਥੋੜੜਿਆ ਦਿਨ ਚਾਰਿ ॥ ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ, ਇਤੁ ਦੋਸਤੀ ਚਲਨਿ ਵਿਕਾਰ ॥ ਜਿਨਾ ਅੰਦਰਿ ਸਚੇ ਕਾ ਭਉ ਨਾਹੀ, ਨਾਮ ਨ ਕਰਹਿ ਪਿਆਰੁ ॥ ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ, ਜਿ ਆਪਿ ਭੁਲਾਏ ਕਰਤਾਰਿ ॥੧॥ (ਉਹ ਸਤਸੰਗੀ) ਸੱਜਣ ਹੀ ਸਤਸੰਗੀ ਸੱਜਣਾਂ ਨੂੰ ਮਿਲਦੇ ਹਨ; (ਉਹ ਸਤਸੰਗੀ) ਸੱਜਨ ਸਤਿਗੁਰੂ ਸੱਜਣ ਨੂੰ ਮਿਲਦੇ ਹਨ, ਜਿਨ੍ਹਾਂ ਦਾ ਸਤਿਗੁਰੂ ਨਾਲ ਪਿਆਰ ਹੈ। ਉਨ੍ਹਾਂ ਨੇ (ਆਪਸ ਵਿਚ) ਮਿਲ ਕੇ ਪਿਆਰੇ ਹਰੀ ਨੂੰ ਸਿਮਰਿਆ ਹੈ, (ਕਿਉਂਕਿ ਉਹ ਸੱਜਣ) ਸੱਚੇ ਹਰੀ ਨੂੰ ਮਨ ਕਰਕੇ ਪ੍ਰੇਮ ਕਰਦੇ ਹਨ ਅਤੇ (ਤਨ ਕਰਕੇ ਵੀ ਉਨ੍ਹਾਂ ਦਾ ਹਰੀ ਨਾਲ) ਪਿਆਰ ਹੈ। ਗੁਰੂ ਦੇ ਅਪਾਰ ਸ਼ਬਦ ਦੁਆਰਾ (ਉਨ੍ਹਾਂ ਦੇ) ਮਨ ਨੂੰ ਮਨ ਤੋਂ ਹੀ ਤਸੱਲੀ ਹੋ ਗਈ (ਸ਼ਾਂਤੀ ਮਿਲ ਗਈ)। ਇਹੋ ਜਿਹੇ ਸੱਜਣ ਇਕ ਵਾਰੀ ਮਿਲੇ ਹੋਏ ਮੁੜ ਵਿਛੜਦੇ ਨਹੀਂ, ਜਿਹੜੇ (ਸੱਜਣ) ਕਰਤਾਰ ਨੇ ਆਪ ਮਿਲਾਏ ਹਨ। ਕਈ ਮਨੁੱਖਾਂ ਨੂੰ ਗੁਰੂ ਦੇ ਦਰਸਨਾਂ ਦੀ ਪ੍ਰਤੀਤ ਨਹੀਂ ਆਈ (ਗੁਰੂ ਵਿਚ ਵਿਸ਼ਵਾਸ ਨਹੀ, ਕਿਉਂਕਿ ਉਹ ਗੁਰੂ ਦੇ) ਸ਼ਬਦ ਦੁਆਰਾ ਵਿਚਾਰ ਨਹੀਂ ਕਰਦੇ। ਜਿਨ੍ਹਾਂ ਦਾ ਦ੍ਵੈਤ ਭਾਵਨਾ ਵਿਚ ਪਿਆਰ ਹੈ, ਉਨ੍ਹਾਂ ਵਿਛੜੇ ਹੋਇਆਂ ਦਾ ਹੋਰ ਕੀ ਵਿਛੜਨਾ ਹੈ? (ਉਹ ਤਾਂ ਅੱਗੇ ਹੀ ਵਿਛੜੇ ਹੋਏ ਹਨ। ਅਜੇਹੇ) ਮਨਮੁੱਖਾਂ ਨਾਲ ਦੋਸਤੀ ਥੋੜੇ ਦਿਨ, ਚਾਰ ਦਿਨ ਹੀ ਰਹਿੰਦੀ ਹੈ। ਇਸ ਪ੍ਰੀਤੀ ਦੇ ਟੁੱਟਦਿਆਂ ਦੇਰ ਨਹੀਂ ਲਗਦੀ ਹੁੰਦੀ ਅਤੇ ਇਸ ਦੋਸਤੀ ਨਾਲ ਵਿਕਾਰ ਚਲਦੇ (ਪੈਦਾ ਹੁੰਦੇ) ਹਨ। ਜਿਨ੍ਹਾਂ ਮਨੁੱਖਾਂ ਦੇ ਅੰਦਰ ਸੱਚੇ ਹਰੀ ਦਾ ਭੈ ਨਹੀਂ ਹੈ ਅਤੇ ਨਾਮ ਵਿਚ ਪਿਆਰ ਨਹੀਂ ਕਰਦੇ। ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ (ਮਨਮੁੱਖਾਂ) ਨਾਲ ਦੋਸਤੀ ਕੀ ਕਰੀਏ? ਜਿਹੜੇ ਕਰਤਾਰ ਆਪ ਭੁਲਾਏ ਹੋਏ ਹਨ।੧।

ਪਦਾਰਥ = ਜਿਨ–ਜਿਨ੍ਹਾਂ ਦਾ। ਤਿਨੀ–ਉਨ੍ਹਾਂ ਨੇ। ਮਨੁ ਮਾਨਿਆ–ਮਨ ਪਤੀਜ ਗਿਆ; ਮਨ ਨੂੰ ਤਸੱਲੀ ਹੋ ਗਈ। ਸਬਦਿ ਅਪਾਰਿ–ਪਾਰ ਰਹਿਤ ਸ਼ਬਦ ਦੁਆਰਾ। ਜਿ–ਜਿਹੜੇ। ਕਰਤਾਰਿ–ਕਰਤਾਰ ਨੇ। ਇਕਨਾ–ਕਈਆਂ ਨੂੰ। ਪਰਤੀਤ–ਵਿਸ਼ਵਾਸ। ਦੂਜੈ ਭਾਇ–ਰੱਬ ਤੋਂ ਬਿਨਾ ਕਿਸੇ ਦੂਜੇ ਦਾ ਪਿਆਰ। ਸੇਤੀ–ਨਾਲ। ਵਿਲਮੁ–ਦੇਰ। ਚਲਨਿ–ਚਲਦੇ (ਪੈਦਾ ਹੁੰਦੇ) ਹਨ। ਭਉ–ਡਰ।੧।

ਮਃ ੩ ॥ ਇਕਿ ਸਦਾ ਇਕਤੈ ਰੰਗਿ ਰਹਹਿ, ਤਿਨ ਕੈ ਹਉ ਸਦ ਬਲਿਹਾਰੈ ਜਾਉ ॥ ਤਨੁ ਮਨੁ ਧਨੁ ਅਰਪੀ ਤਿਨ ਕਉ ,ਨਿਵਿ ਨਿਵਿ ਲਾਗਉ ਪਾਇ ॥ ਤਿਨ ਮਿਲਿਆ ਮਨੁ ਸੰਤੋਖੀਐ, ਤ੍ਰਿਸਨਾ ਭੁਖ ਸਭ ਜਾਇ ॥ ਨਾਨਕ ਨਾਮਿ ਰਤੇ ਸੁਖੀਏ ਸਦਾ, ਸਚੇ ਸਿਉ ਲਿਵ

ਲਾਇ ॥੨॥ ਕਈ ਗੁਰਮੁਖ ਸੱਜਨ ਸਦਾ ਇਕ ਪ੍ਰਭੂ ਦੇ ਪ੍ਰੇਮ ਰੰਗ ਵਿਚ ਰਹਿੰਦੇ ਹਨ, ਮੈਂ ਉਨ੍ਹਾਂ ਦੇ ਸਦਾ ਬਲਹਾਰ ਜਾਂਦਾ ਹਾਂ।(ਮੇਰਾ ਦਿਲ ਕਰਦਾ ਹੈ ਕਿ ਮੈਂ) ਉਨ੍ਹਾਂ ਨੂੰ ਤਨ ਮਨ ਤੇ ਧਨ ਭੇਟਾ ਕਰ ਦੇਵਾਂ ਅਤੇ ਨਿਉਂ ਨਿਉਂ ਕੇ (ਉਨ੍ਹਾਂ ਦੇ) ਚਰਨੀਂ ਲਗ ਜਾਵਾਂ।ਉਨ੍ਹਾਂ ਦੇ ਮਿਲਣ ਨਾਲ ਮਨ ਨੂੰ ਸੰਤੋਖ ਆ ਜਾਂਦਾ ਹੈ ਅਤੇ ਤ੍ਰਿਸ਼ਨਾ ਦੀ ਸਾਰੀ ਭੁੱਖ ਦੂਰ ਹੋ ਜਾਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਪੁਰਖ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ ਅਤੇ ਸੱਚੇ ਪ੍ਰਭੂ ਨਾਲ ਲਿਵ ਲਾਈ ਰਖਦੇ ਹਨ, ਉਹ ਸਦਾ ਸੁਖੀ ਰਹਿੰਦੇ ਹਨ।੨।

ਅੰਗ ੫੮੮ = ਪਉੜੀ ॥ ਤਿਸੁ ਗੁਰ ਕਉ ਹਉ ਵਾਰਿਆ, ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥ ਤਿਸੁ ਗੁਰ ਕਉ ਸਦ ਬਲਿਹਾਰਣੈ, ਜਿਨਿ ਹਰਿ ਸੇਵਾ ਬਣਤ ਬਣਾਈ ॥ ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ, ਜਿਥੈ ਕਿਥੈ ਮੈਨੋ ਲਏ ਛਡਾਈ ॥ ਤਿਸੁ ਗੁਰ ਕਉ ਸਾਬਾਸਿ ਹੈ, ਜਿਨਿ ਹਰਿ ਸੋਝੀ ਪਾਈ ॥ ਨਾਨਕੁ ਗੁਰ ਵਿਟਹੁ ਵਾਰਿਆ, ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ ॥੫॥ ਮੈ ਉਸ ਗੁਰੂ ਤੋਂ ਵਾਰਨੇ ਜਾਂਦਾ ਹਾਂ, ਜਿਸ ਨੇ ਮੈਨੂੰ ਹਰੀ ਦੀ ਹਰਿ ਜਸ ਵਾਲੀ ਕਥਾ ਸੁਣਾਈ ਹੈ।ਮੈਂ ਉਸ ਗੁਰੂ ਤੋਂ ਸਦਾ ਵਾਰਨੇ ਜਾਂਦਾ ਹਾਂ, ਜਿਸ ਨੇ ਹਰੀ ਦੀ ਸੇਵਾ ਕਰਨ ਦੀ ਬਣਤ ਬਣਾਈ ਹੈ।ਉਹ ਪਿਆਰਾ ਸਤਿਗੁਰੂ ਸਦਾ ਮੇਰੇ ਨਾਲ ਵਸਦਾ ਹੈ, ਜਿਥੇ ਕਿਥੇ ਮੈਨੂੰ (ਬਿਪਤਾ ਤੋਂ) ਛੁਡਾ ਲੈਂਦਾ ਹੈ।ਉਸ ਗੁਰੂ ਨੂੰ ਸ਼ਾਬਾਸ ਹੈ, ਜਿਸ ਨੇ (ਮੇਰੇ ਹਿਰਦੇ ਅੰਦਰ) ਹਰੀ ਦੀ ਸੂਝ ਬੂਝ ਪਾ ਦਿਤੀ ਹੈ।ਹੇ ਨਾਨਕ! ਮੈਂ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਨੇ ਮੈਨੂੰ ਹਰੀ ਦਾ ਨਾਮ ਦਿਤਾ ਅਤੇ ਮੇਰੇ ਮਨ ਦੀ ਆਸ ਪੂਰੀ ਕਰ ਦਿਤੀ ਹੈ।੫।

ਪਦਾਰਥ = ਇਕਿ-ਕਈ।ਇਕਤੈ-ਇਕ ਪ੍ਰਭੂ ਦੇ।ਰੰਗਿ-ਪ੍ਰੇਮ ਰੰਗ ਵਿਚ।ਤਿਨ ਕੈ-ਉਨ੍ਹਾਂ ਦੇ।ਅਰਪੀ-ਭੇਟਾ ਕਰਦਾ ਹਾਂ।ਨਿਵਿ ਨਿਵਿ-ਝੁਕ ਝੁਕ ਕੇ।ਪਾਇ-ਪੈਰੀਂ (ਚਰਨੀਂ)।ਸੰਤੋਖੀਐ-(ਲੋਭ ਦਾ ਤਿਆਗ) ਅਨੰਦ ਮਿਲਦਾ ਹੈ।ਨਾਮਿ ਰਤੇ-ਨਾਮ ਵਿਚ ਰੰਗੇ ਹੋਏ ।ਸਚੇ ਸਿਉ-ਸੱਚੇ ਪ੍ਰਭੂ ਨਾਲ।੨।ਪਉੜੀ।ਕਉ-ਨੂੰ; ਤੋਂ।ਹਉ-ਮੈਂ।ਵਾਰਿਆ-ਕੁਰਬਾਨ ਹਾਂ।ਬਲਿਹਾਰਣੈ-ਕੁਰਬਾਨ ਹਾਂ।ਬਣਤ ਬਣਾਈ-ਜੁਗਤ ਸਿਖਾਈ; ਰੀਤ ਕਾਇਮ ਕੀਤੀ।ਸੋ-ਉਹ।ਸਾਬਾਸਿ-ਧੰਨਵਾਦ।ਵਿਟਹੁ-ਤੋਂ।ਪੁਰਾਈ-ਪੂਰ ਕਰ ਦਿਤੀ।੫।

ਸਲੋਕ ਮਃ ੩ ॥ ਤ੍ਰਿਸਨਾ ਦਾਧੀ ਜਲਿ ਮੁਈ, ਜਲਿ ਜਲਿ ਕਰੇ ਪੁਕਾਰ ॥ ਸਤਿਗੁਰ ਸੀਤਲ ਜੇ ਮਿਲੈ, ਫਿਰਿ ਜਲੈ ਨ ਦੂਜੀ ਵਾਰ ॥ ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀਂ, ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥ (ਹੇ ਭਾਈ!) ਤ੍ਰਿਸ਼ਨਾ ਦੀ ਸਾੜੀ ਹੋਈ ਸਾਰੀ ਦੁਨੀਆਂ ਸੜ ਕੇ ਮਰ ਗਈ ਹੈ ਅਤੇ ਸੜ ਸੜ ਕੇ ਪੁਕਾਰ ਕਰਦੀ ਹੈ।ਜੇ ਠੰਢ ਪਾਉਣ ਵਾਲਾ ਸਤਿਗੁਰੂ ਮਿਲ ਜਾਵੇ, ਤਾਂ ਫਿਰ (ਇਹ ਦੁਨੀਆਂ) ਦੂਜੀ ਵਾਰ ਨਹੀਂ ਸੜਦੀ; (ਗਰਭ ਅਗਨਿ ਵਿਚ) ਨਹੀਂ ਸੜਦੀ।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਤੋਂ ਬਿਨਾ (ਮੌਤ ਤੋਂ) ਨਿਰਭੈ ਕੋਈ ਨਹੀਂ ਹੋ ਸਕਦਾ, ਜਦ ਤਕ ਗੁਰੂ ਦੇ ਸ਼ਬਦ ਦੁਆਰਾ ਵਿਚਾਰ ਨਾ ਕਰੇ।੧।

ਮਃ ੩ ॥ ਭੇਖੀ ਅਗਨਿ ਨ ਬੁਝਈ, ਚਿੰਤਾ ਹੈ ਮਨ ਮਾਹਿ ॥ ਵਰਮੀ ਮਾਰੀ ਸਾਪੁ ਨ ਮਰੈ, ਤਿਉ ਨਿਗੁਰੇ ਕਰਮ ਕਮਾਹਿ ॥ ਸਤਿਗੁਰੁ ਦਾਤਾ ਸੇਵੀਐ, ਸਬਦੁ ਵਸੈ ਮਨਿ ਆਇ ॥ ਮਨੁ ਤਨੁ ਸੀਤਲੁ ਸਾਂਤਿ ਹੋਇ, ਤ੍ਰਿਸਨਾ ਅਗਨਿ ਬੁਝਾਇ ॥ ਸੁਖਾ ਸਿਰਿ ਸਦਾ ਸੁਖੁ ਹੋਇ, ਜਾ ਵਿਚਹੁ ਆਪੁ ਗਵਾਇ ॥ ਗੁਰਮੁਖਿ ਉਦਾਸੀ ਸੋ ਕਰੇ, ਜਿ ਸਚਿ ਰਹੈ ਲਿਵ ਲਾਇ ॥ ਚਿੰਤਾ ਮੂਲਿ ਨ ਹੋਵਈ, ਹਰਿ ਨਾਮਿ ਰਜਾ ਆਘਾਇ ॥ ਨਾਨਕ ਨਾਮ ਬਿਨਾ ਨਹ ਛੂਟੀਐ, ਹਉਮੈ ਪਚਹਿ ਪਚਾਇ ॥੨॥ (ਹੇ ਭਾਈ!) ਭੇਖ ਧਾਰਨ ਕਰਨ ਨਾਲ (ਤ੍ਰਿਸ਼ਨਾ ਦੀ) ਅੱਗ ਨਹੀਂ ਬੁਝਦੀ, (ਸੱਗੋਂ ਭੇਖੀ ਦੇ) ਮਨ ਵਿਚ ਚਿੰਤਾ ਬਣੀ ਰਹਿੰਦੀ ਹੈ।ਜਿਵੇਂ ਖੁੱਡ ਬੰਦ ਕੀਤਿਆਂ (ਜਾਂ ਖੁੱਡ ਨੂੰ ਕੁੱਟਣ ਨਾਲ) ਸੱਪ ਨਹੀਂ ਮਰਦਾ, ਤਿਵੇਂ ਨਿਗੁਰੇ ਲੋਕ ਕਰਮ ਕਮਾਉਂਦੇ ਹਨ (ਤਪ ਕਰਕੇ ਸਰੀਰ ਨੂੰ ਦੁੱਖ ਦੇਣ ਨਾਲ ਮਨ ਨਹੀਂ ਮਰਦਾ, ਗੁਰ ਸ਼ਬਦ ਦੀ ਕਮਾਈ ਕਰਨ ਨਾਲ ਮਨ ਮਰਦਾ ਹੈ, ਮਨ ਰੂਪ ਸੱਪ ਨੂੰ ਵਸ ਕਰਨ ਦਾ ਇਹੋ ਗਰੁੜ ਮੰਤ੍ਰ ਹੈ)।ਦਾਤੇ ਸਤਿਗੁਰੂ ਦੀ ਸੇਵਾ ਕਰਨ ਨਾਲ (ਗੁਰੂ ਦਾ) ਸ਼ਬਦ ਮਨ ਵਿਚ ਆ ਵਸਦਾ ਹੈ।(ਜਿਸ ਨਾਲ) ਮਨ ਠੰਢਾ ਤੇ ਤਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ, (ਕਿਉਂਕਿ ਗੁਰੂ ਦਾ ਸ਼ਬਦ) ਤ੍ਰਿਸ਼ਨਾ ਦੀ ਅੱਗ ਬੁਝਾ ਦੇਂਦਾ ਹੈ।(ਗੁਰ ਸ਼ਬਦ ਦੀ ਬਰਕਤ ਨਾਲ ਮਨੁੱਖ) ਜਦੋਂ ਮਨ ਵਿਚੋਂ ਆਪਾ ਭਾਵ ਦੂਰ ਕਰਦਾ ਹੈ ਤਾਂ (ਇਸ ਨੂੰ) ਸਦਾ ਲਈ ਸਾਰੇ ਸੁੱਖਾਂ ਦਾ ਸ਼੍ਰੋਮਣੀ ਸੁੱਖ ਪ੍ਰਾਪਤ ਹੁੰਦਾ ਹੈ।ਉਹ ਮਨੁੱਖ ਗੁਰੂ ਦੁਆਰਾ ਉਦਾਸੀ ਧਾਰਨ ਕਰਦਾ ਹੈ, ਜਿਹੜਾ ਸੱਚੇ ਪ੍ਰਭੂ ਵਿਚ ਲਿਵ ਲਾਈ ਰਖਦਾ ਹੈ।(ਫਿਰ ਉਸ ਨੂੰ) ਮੂਲੋਂ ਹੀ ਚਿੰਤਾ ਨਹੀਂ ਹੁੰਦੀ, (ਕਿਉਂਕਿ ਉਹ) ਹਰੀ ਦੇ ਨਾਮ ਸਿਮਰਨ ਦੁਆਰਾ (ਲੋਕ ਪ੍ਰਲੋਕ ਦੇ ਪਦਾਰਥਾਂ ਵੱਲੋਂ) ਪੂਰੀ ਤਰ੍ਹਾਂ ਰੱਜਿਆ ਰਹਿੰਦਾ ਹੈ।ਹੇ ਨਾਨਕ! ਨਾਮ ਤੋਂ ਬਿਨਾ (ਤ੍ਰਿਸ਼ਨਾ ਦੀ ਅੱਗ ਤੋਂ) ਛੁੱਟਿਆ ਨਹੀਂ ਜਾ ਸਕਦਾ, (ਭੇਖੀ ਲੋਕ ਜਪ ਤਪ ਦੇ) ਹੰਕਾਰ ਵਿਚ ਸੜਦੇ ਹਨ ਅਤੇ ਹੋਰਨਾਂ ਨੂੰ ਵੀ ਸਾੜਦੇ ਰਹਿੰਦੇ ਹਨ।੨।

ਪਦਾਰਥ = ਦਾਧੀ-ਸਾੜੀ (ਝੁਲਸੀ) ਹੋਈ।ਜਲਿ ਮੁਈ-ਸੜ ਕੇ ਮਰ ਗਈ।ਸੀਤਲ-ਠੰਢ ਪਾਉਣ ਵਾਲਾ (ਸੀਤਲਤਾ ਦਾ ਸੋਮਾ)। ਫਿਰਿ-ਮੁੜ ਦੁਬਾਰਾ।ਕੋ-ਕੋਈ।ਜਿਚਰੁ-ਜਦ ਤਕ।੧।ਭੇਖੀ-ਭੇਖ ਧਾਰਿਆਂ।ਵਰਮੀ-ਸੱਪ ਦੀ ਖੁੱਡ (ਸਰੀਰ)।ਮਾਰੀ-ਬੰਦ ਕੀਤਿਆਂ ;ਕੁੱਟਣ ਨਾਲ।ਸਾਪੁ-ਸੱਪ।ਸਿਰਿ-ਸ਼੍ਰੋਮਣੀ।ਜਾ-ਜਦੋਂ।ਆਪੁ-ਆਪਾ ਭਾਵ; ਹੰਕਾਰ।ਉਦਾਸੀ-ਤ੍ਰਿਸ਼ਨਾ ਦਾ ਤਿਆਗੀ।ਸੋ-ਉਹ।ਜਿ-

ਜਿਹੜਾ। ਮੂਲਿ–ਬਿਲਕੁਲ। ਰਜਾ ਆਘਾਇ–ਪੂਰੀ ਤਰ੍ਹਾਂ ਰੱਜਿਆ ਹੈ। ਪਚਹਿ ਪਚਾਇ–ਆਪ ਸੜਦਾ ਹੈ ਤੇ ਹੋਰਾਂ ਨੂੰ ਸਾੜਦਾ ਹੈ।੨।

ਪਉੜੀ ॥ ਜਿਨੀ ਹਰਿ ਹਰਿ ਨਾਮੁ ਧਿਆਇਆ, ਤਿਨੀ ਪਾਇਅੜੇ ਸਰਬ ਸੁਖਾ ॥ ਸਭੁ ਜਨਮੁ ਤਿਨਾ ਕਾ ਸਫਲੁ ਹੈ, ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥ ਜਿਨੀ ਗੁਰ ਕੈ ਬਚਨਿ ਆਰਾਧਿਆ, ਤਿਨ ਵਿਸਰਿ ਗਏ ਸਭਿ ਦੁਖਾ ॥ ਤੇ ਸੰਤ ਭਲੇ ਗੁਰ ਸਿਖ ਹੈ, ਜਿਨ ਨਾਹੀ ਚਿੰਤ ਪਰਾਈ ਚੁਖਾ ॥ ਧੰਨੁ ਧੰਨੁ ਤਿਨਾ ਕਾ ਗੁਰੂ ਹੈ, ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥ (ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਹਰਿ ਹਰਿ ਨਾਮ ਸਿਮਰਿਆ ਹੈ, ਉਨ੍ਹਾਂ ਨੇ ਸਾਰੇ ਸੁਖ ਪਾ ਲਏ ਹਨ। ਉਨ੍ਹਾਂ ਦਾ ਸਾਰਾ ਮਨੁੱਖਾ ਜਨਮ ਸਫਲ ਹੈ, ਜਿਨ੍ਹਾਂ ਦੇ ਮਨ ਵਿਚ ਹਰੀ ਦੇ ਨਾਮ ਦੀ ਭੁੱਖ ਲਗੀ ਹੋਈ ਹੈ। ਜਿਨ੍ਹਾਂ ਨੇ ਗੁਰੂ ਦੇ ਬਚਨਾਂ ਦੁਆਰਾ (ਹਰੀ ਨੂੰ) ਸਿਮਰਿਆ ਹੈ, ਉਨ੍ਹਾਂ ਨੂੰ ਸਾਰੇ ਦੁਖ ਭੁੱਲ ਗਏ ਹਨ। ਉਹ ਗੁਰ ਸਿਖ ਸੰਤ ਭਲੇ ਹਨ, ਜਿਨ੍ਹਾਂ ਨੂੰ ਰੱਤੀ ਭਰ ਵੀ ਪਰਾਈ ਚਿੰਤਾ ਨਹੀਂ (ਪ੍ਰਵਾਰ ਦੀ ਚਿੰਤਾ ਛਡ ਕੇ ਗੁਰੂ ਤੇ ਭਰੋਸਾ ਰਖਦੇ ਹਨ)। ਉਨ੍ਹਾਂ ਦਾ ਗੁਰੂ ਧੰਨ ਧੰਨ ਹੈ, ਜਿਸ ਦੇ ਮੂੰਹ ਨੂੰ ਨਾਮ ਅੰਮ੍ਰਿਤ ਰੂਪ ਫਲ ਲਗੇ ਹੋਏ ਹਨ (ਜਿਸ ਗੁਰੂ ਦੇ ਮੁਖਾਰਬਿੰਦ ਤੋਂ ਗੁਰਸਿਖਾਂ ਨੂੰ ਗਿਆਨ ਭਰਪੂਰ ਅੰਮ੍ਰਿਤ ਮਈ ਬਚਨ ਸੁਣਨ ਨੂੰ ਮਿਲਦੇ ਹਨ)।੬।

ਪਦਾਰਥ = ਜਿਨੀ–ਜਿਨ੍ਹਾਂ ਨੇ। ਤਿਨੀ–ਉਨ੍ਹਾਂ ਨੇ। ਸਰਬ–ਸਾਰੇ। ਤੇ–ਉਹ। ਚੁਖਾ–ਰੱਤਾ ਭਰ। ਮੁਖਾ–ਮੂੰਹ ਨੂੰ।੬।

ਸਲੋਕ ਮਃ ੩ ॥ ਕਲਿ ਮਹਿ ਜਮੁ ਜੰਦਾਰੁ ਹੈ, ਹੁਕਮੇ ਕਾਰ ਕਮਾਇ ॥ ਗੁਰਿ ਰਾਖੇ ਸੇ ਉਬਰੇ, ਮਨਮੁਖਾ ਦੇਇ ਸਜਾਇ ॥ ਜਮ ਕਾਲੈ ਵਸਿ ਜਗੁ ਬਾਂਧਿਆ, ਤਿਸ ਦਾ ਫਰੂ ਨ ਕੋਇ ॥ ਜਿਨਿ ਜਮੁ ਕੀਤਾ ਸੋ ਸੇਵੀਐ, ਗੁਰਮੁਖਿ ਦੁਖੁ ਨ ਹੋਇ ॥ ਨਾਨਕ ਗੁਰਮੁਖਿ ਜਮੁ ਸੇਵਾ ਕਰੇ, ਜਿਨ ਮਨਿ ਸਚਾ ਹੋਇ ॥੧॥ (ਹੇ ਭਾਈ!) ਕਲਜੁਗ ਵਿਚ ਜਮ ਜੱਲਾਦ ਹੈ, (ਪਰ ਉਹ) ਪ੍ਰਭੂ ਦੇ ਹੁਕਮ ਵਿਚ ਕੰਮ ਕਰਦਾ ਹੈ। (ਜੋ ਲੋਕ) ਗੁਰੂ ਨੇ ਬਚਾ ਕੇ ਰੱਖੇ ਹਨ, ਉਹ (ਜਮ ਦੀ ਮਾਰ ਤੋਂ) ਬਚ ਗਏ ਹਨ, (ਜਮ) ਮਨਮੁਖਾਂ ਨੂੰ ਸਜਾ ਦੇਂਦਾ ਹੈ। ਉਸ (ਮਨ ਮੁਖ) ਦਾ ਰਾਖਾ ਕੋਈ ਨਹੀਂ ਹੁੰਦਾ, (ਕਿਉਂਕਿ) ਕਾਲ ਕਰਨ ਵਾਲੇ ਜਮ ਨੇ ਸਾਰੇ ਜਗਤ ਨੂੰ ਅਪਣੇ ਵਸ ਵਿਚ ਕਰਕੇ ਬੰਨ੍ਹਿਆ ਹੋਇਆ ਹੈ। ਜਿਸ (ਪ੍ਰਭੂ) ਨੇ ਜਮ ਨੂੰ (ਜੀਵਾਂ ਨੂੰ ਸਜਾ ਦੇਣ ਵਾਸਤੇ ਮੁਕੱਰਰ) ਕੀਤਾ ਹੈ, ਜੇ ਗੁਰੂ ਦੁਆਰਾ ਉਸ ਦਾ ਸਿਮਰਨ ਕਰੀਏ, (ਤਾਂ ਸਿਮਰਨ ਕਰਨ ਵਾਲੇ ਮਨੁੱਖ ਨੂੰ ਜਮ ਦਾ) ਕੋਈ ਦੁਖ ਨਹੀਂ ਹੁੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜਮ (ਉਨ੍ਹਾਂ) ਗੁਰਮੁਖਾਂ ਦੀ ਸੇਵਾ ਕਰਦਾ ਹੈ, ਜਿਨ੍ਹਾਂ ਦੇ ਮਨ ਵਿਚ ਸੱਚਾ ਪ੍ਰਭੂ ਵਸਦਾ ਹੁੰਦਾ ਹੈ।੧।

ਮਃ ੩ ॥ ਏਹਾ ਕਾਇਆ ਰੋਗਿ ਭਰੀ, ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ ॥ ਸਤਿਗੁਰੁ ਮਿਲੈ ਤ ਨਿਰਮਲ ਹੋਵੈ, ਹਰਿ ਨਾਮੋ ਮੰਨਿ ਵਸਾਇ ॥ ਨਾਨਕ ਨਾਮੁ ਧਿਆਇਆ ਸੁਖ ਦਾਤਾ, ਦੁਖੁ ਵਿਸਰਿਆ ਸਹਜਿ ਸੁਭਾਇ ॥੨॥ (ਹੇ ਭਾਈ!) ਇਹ ਦੇਹ (ਹਉਮੈ ਦੇ) ਰੋਗ ਨਾਲ ਭਰੀ ਪਈ ਹੈ, (ਗੁਰੂ ਦੇ) ਸ਼ਬਦ ਤੋਂ ਬਿਨਾ ਹਉਮੈ ਦਾ ਰੋਗ ਤੇ (ਇਸ ਰੋਗ ਦਾ) ਦੁਖ ਦੂਰ ਨਹੀਂ ਜਾਂਦਾ। ਜੇ ਸਤਿਗੁਰੂ ਮਿਲ ਪਵੇ ਅਤੇ ਹਰੀ ਦੇ ਨਾਮ ਨੂੰ ਮਨ ਵਿਚ ਵਸਾ ਲਵੇ ਤਾਂ (ਇਹ ਦੇਹ ਹਉਮੈ ਦੀ ਮੈਲ ਤੋਂ) ਨਿਰਮਲ ਹੋ ਜਾਏਗੀ। ਜਿਨ੍ਹਾਂ ਪੁਰਖਾਂ ਨੇ ਸੁਖ ਦੇਣ ਵਾਲਾ ਨਾਮ ਜਪਿਆ ਹੈ, (ਉਨ੍ਹਾਂ ਨੂੰ) ਸਹਿਜ ਸੁਭਾਵਕ ਹੀ ਦੁਖ ਭੁੱਲ ਗਿਆ ਹੈ।੨।

ਪਦਾਰਥ = ਕਲਿ ਮਹਿ–ਕਲਜੁਗ ਵਿਚ। ਜੰਦਾਰੁ–(ਅ. ਜੱਲਾਦ)–ਖੱਲ ਉਤਾਰਨ ਵਾਲਾ; ਪ੍ਰਾਣ ਲੈਣ ਵਾਲਾ; ਜਿੰਦ ਦਾ ਵੈਰੀ (ਸੰ.ਸ.; ਫ.ਸ.)। ਕਾਰ ਕਮਾਇ–ਕੰਮ ਕਰਦਾ ਹੈ। ਸੇ–ਉਹ। ਉਬਰੇ। ਬਚ ਗਏ ਹਨ। ਦੇਇ–ਦੇਂਦਾ ਹੈ। ਜਮ ਕਾਲੈ–ਮਾਰਨ ਵਾਲੇ ਜਮ ਦੇ। ਵਸਿ –ਵਸ ਵਿਚ। ਫਰੂ–ਰਾਖਾ; (ਫੜੂ) ਫੜਨ ਵਾਲਾ; ਰੋਕਣ ਵਾਲਾ। ਜਿਨਿ–ਜਿਸ (ਪ੍ਰਭੂ) ਨੇ। ਕੀਤਾ–ਮੁਕੱਰਰ ਕੀਤਾ; ਪੈਦਾ ਕੀਤਾ। ਸੇਵੀਐ–ਸਿਮਰੀਏ। ਸੋ–ਉਸ ਦਾ। ਮਨਿ–ਮਨ ਵਿਚ।੧। ਕਾਇਆ–ਦੇਹ; ਸਰੀਰ। ਰੋਗਿ–ਰੋਗ ਨਾਲ। ਤ–ਤਾਂ। ਨਿਰਮਲ–ਪਵਿਤ੍ਰ। ਵਿਸਰਿਆ–ਭੁੱਲ (ਦੂਰ ਹੋ) ਗਿਆ। ਸਹਜਿ ਸੁਭਾਇ–ਸਹਿਜ ਸੁਭਾਵਕ ਹੀ; ਕੁਦਰਤੀ ਅਪਣੇ ਆਪ।੨।

ਪਉੜੀ ॥ ਜਿਨਿ ਜਗਜੀਵਨੁ ਉਪਦੇਸਿਆ, ਤਿਸੁ ਗੁਰ ਕਉ ਹਉ ਸਦਾ ਘੁਮਾਇਆ ॥ ਤਿਸੁ ਗੁਰ ਕਉ ਹਉ ਖੰਨੀਐ, ਜਿਨਿ ਮਧੁਸੂਦਨੁ ਹਰਿ ਨਾਮੁ ਸੁਣਾਇਆ ॥ ਤਿਸੁ ਗੁਰ ਕਉ ਹਉ ਵਾਰਣੈ, ਜਿਨਿ ਹਉਮੈ ਬਿਖੁ ਸਭੁ ਰੋਗੁ ਗਵਾਇਆ ॥ ਤਿਸੁ ਸਤਿਗੁਰ ਕਉ ਵਡ ਪੁੰਨੁ ਹੈ, ਜਿਨਿ ਅਵਗਣ ਕਟਿ ਗੁਣੀ ਸਮਝਾਇਆ ॥ ਜਿਸ (ਗੁਰੂ) ਨੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ ਨੂੰ ਜਪਣ ਦਾ ਮੈਨੂੰ ਉਪਦੇਸ਼ ਦਿਤਾ ਹੈ, ਉਸ ਗੁਰੂ ਤੋਂ ਮੈਂ ਸਦਾ ਕੁਰਬਾਨ ਜਾਂਦਾ ਹਾਂ। ਉਸ ਗੁਰੂ ਤੋਂ ਮੈਂ ਕੁਰਬਾਨ ਜਾਂਦਾ ਹਾਂ, ਜਿਸ ਨੇ ਮਧੂ ਦੈਂਤ ਨੂੰ ਮਾਰਨ (ਹੰਕਾਰ ਨਾਸ਼ ਕਰਨ) ਵਾਲੇ ਹਰੀ ਦਾ ਨਾਮ ਸੁਣਾਇਆ ਹੈ। ਮੈਂ ਉਸ ਗੁਰੂ ਤੋਂ ਵਾਰਨੇ ਜਾਂਦਾ ਹਾਂ, ਜਿਸ ਨੇ ਹਉਮੈ ਦਾ ਜਹਿਰ ਤੇ ਇਸ ਤੋਂ ਉਪਜਿਆ ਰੋਗ ਸਭ ਦੂਰ ਕਰ ਦਿਤਾ ਹੈ। ਉਸ ਸਤਿਗੁਰੂ ਦੇ ਲਈ ਇਹ ਵੱਡਾ ਪੁੰਨ (ਬਹੁਤ ਉਪਕਾਰ) ਹੈ, ਜਿਸ ਨੇ (ਕ੍ਰਿਪਾ ਕਰਕੇ ਮੇਰੇ) ਅਉਗਣ ਕੱਟ ਕੇ (ਮੈਨੂੰ) ਗੁਣਾਂ ਵਾਲੇ ਹਰੀ ਦਾ ਗਿਆਨ ਸਮਝਾ ਦਿਤਾ ਹੈ।

ਅੰਗ ੫੮੯ = ਸੋ ਸਤਿਗੁਰੁ ਤਿਨ ਕਉ ਭੇਟਿਆ, ਜਿਨ ਕੈ ਮੁਖਿ ਮਸਤਕਿ ਭਾਗੁ ਲਿਖਿ ਪਾਇਆ ॥੭॥ ਉਹ ਸਤਿਗੁਰੂ ਉਨ੍ਹਾਂ ਨੂੰ

ਮਿਲਿਆ ਹੈ, ਜਿਨ੍ਹਾਂ ਪੁਰਖਾਂ ਦੇ ਮੂੰਹ ਮੱਥੇ ਉਤੇ (ਹਰੀ ਨੇ) ਭਾਗ ਲਿਖ ਕੇ ਪਾਇਆ ਹੋਇਆ ਹੈ।੭।

ਪਦਾਰਥ = ਜਿਨਿ–ਜਿਸ ਨੇ।ਜਗਜੀਵਨੁ–ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ।ਹਉ–ਮੈਂ।ਘੁਮਾਇਆ–ਕੁਰਬਾਨ ਜਾਂਦਾ ਹਾਂ।ਖੰਨੀਐ–ਕੁਰਬਾਨ ਹਾਂ।ਮਧੁਸੂਦਨੁ–ਮਧੂ ਦੈਂਤ (ਹੰਕਾਰ) ਨੂੰ ਮਾਰਨ ਵਾਲਾ ਪ੍ਰਭੂ।ਵਾਰਣੈ–ਕੁਰਬਾਨ ਜਾਂਦਾ ਹਾਂ।ਬਿਖੁ–ਜਹਿਰ।ਵਡ ਪੁੰਨੁ–ਵੱਡਾ ਪੁੰਨ; ਬਹੁਤ ਉਪਕਾਰ।ਗੁਣੀ–ਗੁਣਾਂ ਵਾਲੇ ਹਰੀ ਦਾ।ਸੋ–ਉਹ।ਭੇਟਿਆ–ਮਿਲਿਆ ਹੈ।ਮੁਖਿ ਮਸਤਕਿ–ਮੂੰਹ ਤੇ ਮੱਥੇ ਉਤੇ।੭।

ਸਲੋਕੁ ਮਃ ੩ ॥ ਭਗਤਿ ਕਰਹਿ ਮਰਜੀਵੜੇ, ਗੁਰਮੁਖਿ ਭਗਤਿ ਸਦਾ ਹੋਇ ॥ ਓਨਾ ਕਉ ਧੁਰਿ ਭਗਤਿ ਖਜਾਨਾ ਬਖਸਿਆ, ਮੇਟਿ ਨ ਸਕੈ ਕੋਇ ॥ ਗੁਣ ਨਿਧਾਨੁ ਮਨਿ ਪਾਇਆ, ਏਕੋ ਸਚਾ ਸੋਇ ॥ ਨਾਨਕ ਗੁਰਮੁਖਿ ਮਿਲਿ ਰਹੇ, ਫਿਰਿ ਵਿਛੋੜਾ ਕਦੇ ਨ ਹੋਇ ॥੧॥ ਮਃ ੩ ॥ ਸਤਿਗੁਰ ਕੀ ਸੇਵ ਨ ਕੀਨੀਆ, ਕਿਆ ਓਹੁ ਕਰੇ ਵੀਚਾਰੁ ॥ ਸਬਦੈ ਸਾਰੁ ਨ ਜਾਣਈ, ਬਿਖੁ ਭੂਲਾ ਗਾਵਾਰੁ ॥ ਅਗਿਆਨੀ ਅੰਧੁ ਬਹੁ ਕਰਮ ਕਮਾਵੈ, ਦੂਜੈ ਭਾਇ ਪਿਆਰੁ ॥ ਅਣਹੋਦਾ ਆਪੁ ਗਣਾਇਦੇ, ਜਮੁ ਮਾਰਿ ਕਰੇ ਤਿਨ ਖੁਆਰੁ ॥ ਨਾਨਕ ਕਿਸਨੋ ਆਖੀਐ, ਜਾ ਆਪੇ ਬਖਸਣਹਾਰੁ ॥੨॥ (ਹੇ ਭਾਈ! ਹਰੀ ਦੀ) ਭਗਤੀ ਆਪਾ ਭਾਵ ਮਾਰਨ ਵਾਲੇ ਪੁਰਖ ਹੀ ਕਰਦੇ ਹਨ, (ਅਜੇਹੇ) ਗੁਰਮੁਖਾਂ ਦੀ ਭਗਤੀ ਸਦਾ ਹੁੰਦੀ ਹੈ; ਗੁਰੂ ਦੁਆਰਾ (ਉਨ੍ਹਾਂ ਦੀ) ਭਗਤੀ ਸਦਾ ਪ੍ਰਵਾਨ ਹੁੰਦੀ ਹੈ।ਉਨ੍ਹਾਂ (ਗੁਰਮੁਖਾਂ) ਨੂੰ ਧੁਰ ਤੋਂ ਹਰੀ ਨੇ ਭਗਤੀ ਦਾ ਖਜਾਨਾ ਬਖਸ਼ਿਆ ਹੋਇਆ ਹੈ, (ਉਸ ਬਖਸ਼ਿਸ਼ ਨੂੰ) ਕੋਈ ਵੀ ਮੇਟ ਨਹੀਂ ਸਕਦਾ।ਉਹ ਇਕੋ ਸਚਾ ਪ੍ਰਭੂ ਜੋ ਗੁਣਾਂ ਦਾ ਖਜਾਨਾ ਹੈ, (ਉਸ ਨੂੰ ਉਨ੍ਹਾਂ ਨੇ) ਮਨ ਵਿਚੋਂ ਹੀ ਪਾ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹੇ) ਗੁਰਮੁਖ ਪ੍ਰਭੂ ਨੂੰ ਮਿਲੇ ਰਹਿੰਦੇ ਹਨ, (ਉਨ੍ਹਾਂ ਦਾ ਪ੍ਰਭੂ ਨਾਲੋਂ) ਫਿਰ ਕਦੇ ਵਿਛੋੜਾ ਨਹੀਂ ਹੁੰਦਾ।੧।(ਜਿਸ ਮਨੁੱਖ ਨੇ) ਸਤਿਗੁਰੂ ਦੀ ਸੇਵਾ ਨਹੀਂ ਕੀਤੀ, ਉਹ (ਭਲੇ ਬੁਰੇ ਦੀ) ਕੀ ਵਿਚਾਰ ਕਰੇਗਾ? (ਉਹ ਮਨੁੱਖ ਗੁਰੂ ਦੇ) ਸ਼ਬਦ ਦੀ ਕਦਰ ਨਹੀਂ ਜਾਣਦਾ, (ਉਹ) ਮੂਰਖ ਮਾਇਆ ਰੂਪ ਜਹਿਰ ਇਕੱਠੀ ਕਰਕੇ (ਰੱਬ ਨੂੰ) ਭੁੱਲਿਆ ਹੋਇਆ ਹੈ।(ਉਹ) ਗਿਆਨ ਹੀਣ ਅੰਨ੍ਹਾ ਮਨੁੱਖ (ਧਰਮ) ਕਰਮ ਤਾਂ ਬਹੁਤ ਕਰਦਾ ਹੈ (ਪਰ ਉਸ ਦਾ) ਦ੍ਵੈਤ ਭਾਵ ਵਿਚ ਪਿਆਰ ਹੈ।(ਜਿਹੜੇ ਮਨੁੱਖ ਗੁਣਾਂ ਦੀ) ਅਣਹੋਂਦ ਹੋਣ ਕਰਕੇ ਵੀ (ਅਪਣੇ ਆਪ ਨੂੰ ਗੁਣਵਾਨ) ਜਣਾਉਂਦੇ ਹਨ, ਉਨ੍ਹਾਂ ਨੂੰ ਜਮ ਮਾਰ ਮਾਰ ਕੇ ਖੁਆਰ (ਬੇ ਇੱਜਤ) ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਕਿਸ ਨੂੰ ਆਖੀਏ (ਉਨ੍ਹਾਂ ਦੀ ਬੰਦ ਖਲਾਸੀ ਲਈ ਕਿਸ ਅੱਗੇ ਬੇਨਤੀ ਕਰੀਏ)? ਜਦ (ਉਹ ਪ੍ਰਭੂ) ਆਪੇ ਬਖਸ਼ਿਸ਼ ਕਰਨ ਵਾਲਾ ਹੈ।੨।

ਪਦਾਰਥ = ਮਰਜੀਵੜੇ–ਆਪਾ ਭਾਵ (ਹੰਕਾਰ ਨੂੰ) ਮਾਰਨ ਵਾਲੇ ਮਨੁੱਖ; ਮੋਹ ਮਾਇਆ ਜਾਂ ਸੰਸਾਰ ਵੱਲੋਂ ਮਰ ਕੇ ਆਤਮਕ ਜੀਵਨ ਜਿਉਣ ਵਾਲੇ ਮਨੁੱਖ।ਓਨਾ ਕਉ–ਉਨ੍ਹਾਂ ਨੂੰ।ਧੁਰਿ–ਧੁਰ ਹਰੀ ਵਲੋਂ।ਗੁਣ ਨਿਧਾਨੁ–ਗੁਣਾਂ ਦਾ ਖਜਾਨਾ ਪ੍ਰਭੂ।ਮਨਿ–ਮਨ ਵਿਚੋਂ।ਫਿਰਿ–ਮੁੜ ਦੁਬਾਰਾ।੧।ਨ ਕੀਨੀਆ–ਨਹੀਂ ਕੀਤੀ।ਸਾਰੁ–ਕਦਰ; ਪਛਾਣ।ਬਿਖੁ–ਮਾਇਆ ਰੂਪ ਜਹਿਰ।ਗਾਵਾਰੁ–ਮੂਰਖ।ਬਹੁ–ਬਹੁਤ।ਦੂਜੈ ਭਾਇ–ਦ੍ਵੈਤ ਭਾਵ ਵਿਚ।ਅਣਹੋਦਾ–ਬਿਨਾ ਗੁਣ ਹੋਣ ਕਰਕੇ।ਆਪੁ–ਅਪਣੇ ਆਪ ਨੂੰ।ਗਣਾਇਦੇ–ਜਣਾਉਂਦੇ (ਗਿਣਾਉਂਦੇ) ਹਨ।ਤਿਨ–ਉਨ੍ਹਾਂ ਨੂੰ।ਖੁਆਰੁ–ਬੇ ਇੱਜਤ।ਜਾ–ਜਦ।੨।

ਪਉੜੀ ॥ ਤੂ ਕਰਤਾ ਸਭੁ ਕਿਛੁ ਜਾਣਦਾ, ਸਭਿ ਜੀਅ ਤੁਮਾਰੇ ॥ ਜਿਸੁ ਤੂ ਭਾਵੈ ਤਿਸੁ ਮੇਲਿ ਲੈਹਿ, ਕਿਆ ਜੰਤ ਵਿਚਾਰੇ ॥ ਤੂ ਕਰਣ ਕਾਰਣ ਸਮਰਥੁ ਹੈ, ਸਚੁ ਸਿਰਜਣਹਾਰੇ ॥ ਜਿਸੁ ਤੂ ਮੇਲਹਿ ਪਿਆਰਿਆ ਸੋ ਤੁਧੁ ਮਿਲੈ, ਗੁਰਮੁਖਿ ਵੀਚਾਰੇ ॥ ਹਉ ਬਲਿਹਾਰੀ ਸਤਿਗੁਰ ਆਪਣੇ, ਜਿਨਿ ਮੇਰਾ ਹਰਿ ਅਲਖੁ ਲਖਾਰੇ ॥੮॥ ਹੇ ਕਰਤਾਰ! ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ, (ਇਨ੍ਹਾਂ ਬਾਰੇ) ਤੂੰ ਸਭ ਕੁਛ ਜਾਣਦਾ ਹੈਂ।ਜਿਸ ਨੂੰ ਤੂੰ ਚਾਹੁੰਦਾ ਹੈਂ, ਉਸ ਨੂੰ ਤੂੰ (ਅਪਣੇ ਨਾਲ) ਮੇਲ ਲੈਂਦਾ ਹੈਂ, ਇਹ ਵਿਚਾਰੇ ਜੀਵ ਕੀ ਹਨ, (ਜੋ ਅਪਣੇ ਆਪ ਤੈਨੂੰ ਮਿਲ ਸਕਣ)।ਹੇ ਸੱਚੇ ਸਿਰਜਨਹਾਰ ਪ੍ਰਭੂ! ਤੂੰ ਸਾਰੇ ਕਾਰਣ ਕਰਨ ਨੂੰ ਸਮਰੱਥ ਹੈਂ।ਹੇ ਪਿਆਰੇ ਪ੍ਰਭੂ! ਗੁਰਮੁਖ ਵਿਚਾਰਦਾ ਹੈ ਕਿ ਜਿਸ ਮਨੁੱਖ ਨੂੰ ਤੂੰ (ਅਪਣੇ ਨਾਲ) ਮੇਲ ਲੈਂਦਾ ਹੈਂ, ਉਹ ਤੈਨੂੰ ਮਿਲਦਾ ਹੈ।ਮੈਂ ਅਪਣੇ ਸਤਿਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਮੈਨੂੰ ਮੇਰਾ ਨਾ ਸਮਝ ਆਉਣ ਵਾਲਾ ਹਰੀ ਸਮਝਾ ਦਿਤਾ ਹੈ।੮।

ਪਦਾਰਥ = ਕਰਤਾ–ਹੇ ਕਰਤਾਰ!।ਜੀਅ–ਜੀਵ।ਭਾਵੈ–ਚਾਹੁੰਦਾ ਹੈਂ।ਕਰਣ ਕਾਰਣ–ਕਾਰਣਾ ਦਾ ਕਰਤਾ; ਜਗਤ ਦਾ ਕਾਰਣ।ਸਮਰਥੁ–ਸਰਬ ਸ਼ਕਤੀਮਾਨ।ਸੋ–ਉਹ।ਹਉ–ਮੈਂ।ਅਲਖੁ–ਅਨੁਭਵ ਨਾ ਹੋਣ ਵਾਲਾ।ਲਖਾਰੇ–ਅਨੁਭਵ ਕਰਾ ਦਿਤਾ।੮।

ਸਲੋਕ ਮਃ ੩ ॥ ਰਤਨਾ ਪਾਰਖੁ ਜੋ ਹੋਵੈ, ਸੁ ਰਤਨਾ ਕਰੇ ਵੀਚਾਰੁ ॥ ਰਤਨਾ ਸਾਰ ਨ ਜਾਣਈ, ਅਗਿਆਨੀ ਅੰਧੁ ਅੰਧਾਰੁ ॥ ਰਤਨੁ ਗੁਰੂ ਕਾ ਸਬਦੁ ਹੈ, ਬੂਝੈ ਬੂਝਣਹਾਰੁ ॥ ਮੂਰਖ ਆਪੁ ਗਣਾਇਦੇ, ਮਰਿ ਜੰਮਹਿ ਹੋਇ ਖੁਆਰੁ ॥ ਨਾਨਕ ਰਤਨਾ ਸੋ ਲਹੈ, ਜਿਸੁ ਗੁਰਮੁਖਿ ਲਗੈ ਪਿਆਰੁ ॥ ਸਦਾ ਸਦਾ ਨਾਮੁ ਉਚਰੈ, ਹਰਿ ਨਾਮੋ ਨਿਤ ਬਿਉਹਾਰੁ ॥ ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰਧਾਰਿ ॥੧॥ ਜੋ ਮਨੁੱਖ ਰਤਨਾਂ ਨੂੰ ਪਰਖਣ ਵਾਲਾ ਹੁੰਦਾ ਹੈ, ਉਹ ਰਤਨਾਂ ਦਾ ਵਿਚਾਰ ਕਰਦਾ ਹੈ।ਗਿਆਨ ਹੀਣ ਮਨੁੱਖ ਅੰਨ੍ਹਾਂ ਹੈ (ਉਸ ਨੂੰ)

ਹਨ੍ਹੇਰਾ ਹੀ ਹਨ੍ਹੇਰਾ ਹੈ, ਉਹ ਰਤਨਾ ਦੀ ਕਦਰ ਨਹੀਂ ਜਾਣਦਾ।(ਰਤਨ ਕੀ ਹੈ?) ਗੁਰੂ ਦਾ ਸ਼ਬਦ ਰਤਨ ਹੈ, (ਪਰ ਇਸ ਗਲ ਨੂੰ ਕੋਈ) ਸਮਝ ਵਾਲਾ ਮਨੁੱਖ ਹੀ ਸਮਝਦਾ ਹੈ।ਮੂਰਖ ਅਪਨੇ ਆਪ ਨੂੰ ਗਣਾਉਂਦੇ ਹਨ, ਉਹ ਮਰ ਮਰ ਕੇ ਜੰਮਦੇ ਹਨ ਤੇ ਖੁਆਰ ਹੁੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਰਤਨਾਂ ਨੂੰ ਉਹ ਮਨੁੱਖ ਪ੍ਰਾਪਤ ਕਰਦਾ ਹੈ, ਜਿਸ ਨੂੰ ਗੁਰੂ ਦੁਆਰਾ (ਸ਼ਬਦ ਦਾ) ਪਿਆਰ ਲਗ ਜਾਂਦਾ ਹੈ।ਉਹ ਸਦਾ ਸਦਾ ਹਰੀ ਦਾ ਨਾਮ ਉਚਾਰਦਾ ਹੈ ਅਤੇ ਹਰੀ ਦੇ ਨਾਮ ਨਾਲ ਹੀ (ਉਸ ਦਾ) ਨਿਤ ਦਾ ਵਿਹਾਰ ਹੈ (ਆਪ ਜਪਦਾ ਹੈ ਤੇ ਹੋਰਨਾਂ ਨੂੰ ਜਪਾਉਂਦਾ ਹੈ)।ਜੇ ਪ੍ਰਭੂ ਅਪਣੀ ਕ੍ਰਿਪਾ ਕਰੇ ਤਾਂ ਮੈਂ ਵੀ ਹਰੀ ਨੂੰ ਹਿਰਦੇ ਵਿਚ ਧਾਰਨ ਕਰੀ ਰੱਖਾਂ।੧।

ਮਃ ੩ ॥ ਸਤਿਗੁਰ ਕੀ ਸੇਵ ਨ ਕੀਨੀਆ, ਹਰਿ ਨਾਮਿ ਨ ਲਗੋ ਪਿਆਰੁ ॥ ਮਤੁ ਤੁਮ ਜਾਣਹੁ ਓਇ ਜੀਵਦੇ, ਓਇ ਆਪਿ ਮਾਰੇ ਕਰਤਾਰਿ ॥ ਹਉਮੈ ਵਡਾ ਰੋਗੁ ਹੈ, ਭਾਇ ਦੂਜੈ ਕਰਮ ਕਮਾਇ ॥ ਨਾਨਕ ਮਨਮੁਖਿ ਜੀਵਦਿਆ ਮੁਏ, ਹਰਿ ਵਿਸਰਿਆ ਦੁਖੁ ਪਾਇ ॥੨॥ (ਜਿਨ੍ਹਾਂ ਮਨੁੱਖਾਂ ਨੇ) ਸਤਿਗੁਰੂ ਦੀ ਸੇਵਾ ਨਹੀਂ ਕੀਤੀ ਅਤੇ ਹਰੀ ਦੇ ਨਾਮ ਵਿਚ ਪਿਆਰ ਨਹੀਂ ਲੱਗਾ।ਤੁਸੀਂ ਇਹ ਨਾ ਸਮਝੋ ਕਿ ਉਹ ਮਨੁੱਖ ਜਿਉਂਦੇ ਹਨ, ਉਹ ਕਰਤਾਰ ਨੇ ਆਪ ਮਾਰੇ ਹੋਏ ਹਨ।(ਉਨ੍ਹਾਂ ਨੂੰ) ਹਉਮੈ ਦਾ ਵੱਗਾ ਰੋਗ ਚਿੰਬੜਿਆ ਹੋਇਆ ਹੈ, (ਇਸੇ ਕਰਕੇ ਉਹ) ਦ੍ਵੈਤ ਭਾਵ ਵਿਚ ਕਰਮ ਕਮਾ ਰਹੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਮਨਮੁਖ ਜਿਉਂਦਿਆਂ ਹੀ ਮਰੇ ਹੋਏ ਹਨ, (ਉਨ੍ਹਾਂ ਨੂੰ) ਹਰੀ ਭੁੱਲਿਆ ਹੋਇਆ ਹੈ, (ਜਿਸ ਕਰਕੇ ਉਹ) ਦੁਖ ਪਾ ਰਹੇ ਹਨ।੨।

ਪਦਾਰਥ = ਪਾਰਖੁ–ਪਰਖ ਕਰਨ ਕਰਨ ਵਾਲਾ।ਸੁ–ਉਹ।ਸਾਰ–ਕਦਰ।ਅੰਧੁ–ਅੰਨ੍ਹਾ।ਅੰਧਾਰੁ–ਹਨ੍ਹੇਰਾ।ਬੂਝਣਹਾਰੁ–ਸਮਝਣ ਵਾਲਾ।ਗਣਾਇਦੇ–ਜਣਾਉਂਦੇ (ਗਿਣਾਉਂਦੇ) ਹਨ।ਸੋ–ਉਹ।ਲਹੈ–ਪ੍ਰਾਪਤ ਕਰਦਾ ਹੈ।ਬਿਉਹਾਰੁ–ਲੈਣ ਦੇਣ; ਮੇਲ ਜੋਲ।ਰਖਾ–ਮੈਂ ਰੱਖਾਂ। ਉਰ–ਹਿਰਦੇ ਵਿਚ।ਧਾਰਿ–ਧਾਰ ਕੇ; ਟਿਕਾ ਕੇ।੧।ਨਾਮਿ–ਨਾਮ ਵਿਚ।ਮਤੁ ਜਾਣਹੁ–ਨਾ ਸਮਝੋ।ਓਇ–ਉਹ।ਕਰਤਾਰਿ–ਕਰਤਾਰ ਨੇ।ਭਾਇ ਦੂਜੈ–ਰੱਬ ਤੋਂ ਬਿਨਾ ਦੂਜੇ ਦੇ ਪਿਆਰ ਵਿਚ।ਕਰਮ ਕਮਾਇ–ਕਰਮ ਕਮਾ ਰਹੇ ਹਨ।ਵਿਸਰਿਆ–ਭੁੱਲਿਆ ਹੋਇਆ ਹੈ।੨।

ਪਉੜੀ ॥ ਜਿਸੁ ਅੰਤਰੁ ਹਿਰਦਾ ਸੁਧੁ ਹੈ, ਤਿਸੁ ਜਨ ਕਉ ਸਭਿ ਨਮਸਕਾਰੀ ॥ ਜਿਸੁ ਅੰਦਰਿ ਨਾਮੁ ਨਿਧਾਨੁ ਹੈ, ਤਿਸੁ ਜਨ ਕਉ ਹਉ ਬਲਿਹਾਰੀ ॥ ਜਿਸੁ ਅੰਦਰਿ ਬੁਧਿ ਬਿਬੇਕੁ ਹੈ, ਹਰਿ ਨਾਮੁ ਮੁਰਾਰੀ ॥ ਸੋ ਸਤਿਗੁਰੁ ਸਭਨਾ ਕਾ ਮਿਤੁ ਹੈ, ਸਭ ਤਿਸਹਿ ਪਿਆਰੀ ॥ ਸਭੁ ਆਤਮ ਰਾਮੁ ਪਸਾਰਿਆ, ਗੁਰ ਬੁਧਿ ਬੀਚਾਰੀ ॥੯॥ ਜਿਸ ਦਾ ਹਿਰਦਾ ਅੰਦਰੋਂ ਪਵਿਤ੍ਰ ਹੈ, ਉਸ ਪੁਰਖ ਨੂੰ ਸਾਰੇ ਨਮਸ਼ਕਾਰ ਕਰਦੇ ਹਨ।ਜਿਸ ਦੇ ਹਿਰਦੇ ਅੰਦਰ ਨਾਮ ਰੂਪ ਖਜਾਨਾ ਹੈ, ਉਸ ਪੁਰਖ ਤੋਂ ਮੈਂ ਬਲਿਹਾਰ ਜਾਂਦਾ ਹਾਂ।ਜਿਸ ਦੇ ਹਿਰਦੇ ਅੰਦਰ ਬਿਬੇਕ ਬੁੱਧੀ ਹੈ ਅਤੇ ਪ੍ਰਭੂ ਦਾ ਨਾਮ ਵਸਦਾ ਹੈ।ਉਹ ਸਤਿਗੁਰੂ ਸਭ ਦਾ ਮਿਤ੍ਰ ਹੈ ਅਤੇ ਸਾਰੀ ਦੁਨੀਆਂ ਉਸ ਨੂੰ ਪਿਆਰੀ ਲਗਦੀ ਹੈ।ਗੁਰੂ ਦੀ ਬਖਸ਼ੀ ਹੋਈ ਬੁੱਧੀ ਨਾਲ ਵਿਚਾਰ ਕੀਤੀ ਤਾਂ (ਸਮਝ ਪਈ ਕਿ) ਸਭ ਥਾਂ ਆਤਮਾ ਰਾਮ ਪਸਰਿਆ ਹੋਇਆ ਹੈ (ਸਾਰੇ ਜਗਤ ਵਿਚ ਪ੍ਰਭੂ ਨੇ ਅਪਣੇ ਆਪ ਨੂੰ ਪਸਾਰਿਆ ਹੋਇਆ ਹੈ)।੯। ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ (੧੧੫੩)।

ਪਦਾਰਥ = ਅੰਤਰੁ–ਅੰਦਰਲਾ (ਹਿਰਦਾ)।ਸੁਧੁ–ਪਵਿਤ੍ਰ।ਜਨ ਕਉ–ਪੁਰਖ ਨੂੰ।ਨਮਸਕਾਰੀ–ਮੱਥਾ ਟੇਕਦੇ ਹਨ; ਆਦਰ ਕਰਦੇ ਹਨ। ਨਿਧਾਨੁ–ਖਜਾਨਾ।ਹਉ–ਮੈਂ।ਬਲਿਹਾਰੀ–ਕੁਰਬਾਨ ਜਾਂਦਾ ਹਾਂ।ਬਿਬੇਕ ਬੁਧਿ–ਭਲੇ ਬੁਰੇ ਦੀ ਪਛਾਣ ਕਰਨ ਵਾਲੀ ਅਕਲ।ਮੁਰਾਰੀ–ਪ੍ਰਭੂ।ਸੋ–ਉਹ।ਮਿਤੁ–ਮਿਤ੍ਰ।ਤਿਸਹਿ–ਉਸ ਨੂੰ।ਸਭੁ ਆਤਮ ਰਾਮੁ–ਸਭ ਜੀਵਾਂ ਦੀ ਆਤਮਾ ਵਿਚ ਵਸਣ ਵਾਲਾ ਰਾਮ।੯।

ਸਲੋਕ ਮਃ ੩ ॥ ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ, ਵਿਚਿ ਹਉਮੈ ਕਰਮ ਕਮਾਹਿ ॥ ਬਿਨੁ ਸਤਿਗੁਰੁ ਸੇਵੇ ਠਉਰ ਨ ਪਾਵਹੀ, ਮਰਿ ਜੰਮਹਿ ਆਵਹਿ ਜਾਹਿ ॥ (ਹੇ ਭਾਈ! ਜਿਹੜੇ ਲੋਕ) ਸਤਿਗੁਰੂ ਦੀ ਸੇਵਾ ਕੀਤੀ ਬਿਨਾ ਹਉਮੈ ਵਿਚ ਕਰਮ ਕਮਾਉਂਦੇ ਹਨ, (ਉਹ ਸਾਰੇ ਕਰਮ) ਜੀਵਾਤਮਾ ਦੇ ਲਈ ਬੰਧਨ ਰੂਪ ਹਨ।ਸਤਿਗੁਰੂ ਨੂੰ ਸੇਵੇ ਬਿਨਾ (ਪ੍ਰਲੋਕ ਵਿਚ) ਟਿਕਾਣਾ ਨਹੀਂ ਪ੍ਰਾਪਤ ਕਰ ਸਕਦੇ ,(ਜਿਸ ਕਰ ਕੇ ਉਹ) ਮਰਦੇ ਜੰਮਦੇ ਆਉਂਦੇ ਜਾਂਦੇ ਰਹਿਣਗੇ।

ਅੰਗ ੫੯੦ = ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ, ਨਾਮੁ ਨ ਵਸੈ ਮਨ ਮਾਹਿ ॥ ਨਾਨਕ ਬਿਨੁ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਨਿ, ਮੁਹਿ ਕਾਲੈ ਉਠਿ ਜਾਹਿ ॥੧॥ ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਉਹ) ਫਿੱਕਾ ਬੋਲਦੇ ਹਨ, (ਜਿਸ ਕਰਕੇ ਉਨ੍ਹਾਂ ਦੇ) ਮਨ ਵਿਚ ਹਰੀ ਦਾ ਨਾਮ ਨਹੀਂ ਵਸ ਸਕਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਉਹ ਮਨਮੁਖ) ਕਾਲੇ ਮੂੰਹ ਨਾਲ (ਸੰਸਾਰ ਵਿਚੋਂ) ਉਠ ਕੇ ਚਲੇ ਜਾਣਗੇ ਅਤੇ ਜਮ ਪੁਰੀ ਵਿਚ ਬੰਨ੍ਹੇ ਹੋਏ ਮਾਰ ਖਾਣਗੇ।੧।

ਮਃ ੧ ॥ ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ ॥ ਨਾਨਕ ਸਾਈ ਭਲੀ ਪਰੀਤਿ, ਜਿਤੁ ਸਾਹਿਬ ਸੇਤੀ ਪਤਿ ਰਹੈ ॥੨॥ ਮੈਂ ਐਸੀ ਰੀਤ ਸਾੜ ਦਿਆਂ, ਜਿਸ ਨਾਲ ਮੈਨੂੰ ਮੇਰਾ ਪਿਆਰਾ ਪ੍ਰਭੂ ਭੁੱਲ ਜਾਵੇ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹੋ ਪ੍ਰੀਤ ਭਲੀ ਹੈ, ਜਿਸ ਕਰਕੇ ਮਾਲਕ ਪ੍ਰਭੂ ਨਾਲ ਇੱਜਤ ਬਣੀ ਰਹੇ (ਉਹ ਜਪ ਤਪ ਆਦਿ ਕਰਮ ਨਿਸਫਲ ਹਨ, ਜਿਨ੍ਹਾਂ ਨਾਲ ਹਰੀ ਭੁੱਲ

ਜਾਂਦਾ ਹੈ, ਹਰੀ ਨਾਲ ਪ੍ਰੀਤ ਰੱਖਣ ਵਾਲੇ ਪੁਰਖਾਂ ਦਾ ਜੀਵਨ ਸਫਲ ਹੈ)।੨।

ਪਦਾਰਥ = ਜੀਅ ਕੇ–ਜੀਵਾਤਮਾ ਦੇ ਲਈ।ਠਉਰ–ਥਾਂ ਟਿਕਾਣਾ।ਨ ਪਾਵਹੀ–ਨਹੀਂ ਪ੍ਰਾਪਤ ਕਰ ਸਕਦੇ।ਜਮਪੁਰਿ–ਜਮ ਦੀ ਪੁਰੀ (ਪ੍ਰਲੋਕ ਵਿਚ)।ਬਧੇ–ਬੰਨ੍ਹੇ ਹੋਏ।ਮੁਹਿ ਕਾਲੈ–ਕਾਲੇ ਮੂੰਹ ਨਾਲ।੧।ਜਾਲਉ–ਮੈਂ ਸਾੜ ਦੇਵਾਂ।ਰੀਤਿ–ਰਸਮ ਰਿਵਾਜ।ਜਿਤੁ–ਜਿਸ ਕਰ ਕੇ।ਮੈ–ਮੈਨੂੰ।ਵੀਸਰੈ–ਭੁੱਲ ਜਾਵੇ।ਸਾਈ–ਉਹ ਹੀ।ਭਲੀ–ਚੰਗੀ।ਸਾਹਿਬ ਸੇਤੀ–ਮਾਲਕ ਹਰੀ ਨਾਲ।ਪਤਿ–ਇੱਜਤ।੨।

ਪਉੜੀ ॥ ਹਰਿ ਇਕੋ ਦਾਤਾ ਸੇਵੀਐ, ਹਰਿ ਇਕੁ ਧਿਆਈਐ ॥ ਹਰਿ ਇਕੋ ਦਾਤਾ ਮੰਗੀਐ, ਮਨ ਚਿੰਦਿਆ ਪਾਈਐ ॥ ਜੇ ਦੂਜੇ ਪਾਸਹੁ ਮੰਗੀਐ, ਤਾ ਲਾਜ ਮਰਾਈਐ ॥ ਜਿਨਿ ਸੇਵਿਆ ਤਿਨਿ ਫਲੁ ਪਾਇਆ, ਤਿਸੁ ਜਨ ਕੀ ਸਭ ਭੁਖ ਗਵਾਈਐ ॥ ਨਾਨਕੁ ਤਿਨ ਵਿਟਹੁ ਵਾਰਿਆ, ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ ॥੧੦॥ (ਹੇ ਭਾਈ!) ਇਕੋ ਹਰੀ ਦਾਤੇ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਇਕੋ ਹਰੀ ਨੂੰ ਧਿਆਉਣਾ ਚਾਹੀਦਾ ਹੈ।ਇਕੋ ਹਰੀ ਦਾਤੇ ਕੋਲੋਂ ਮੰਗੀਏ ਤਾਂ ਮਨ ਦਾ ਚਿਤਵਿਆ ਫਲ ਪਾ ਲਈਦਾ ਹੈ।(ਹਰੀ ਦਾਤੇ ਨੂੰ ਛਡ ਕੇ) ਜੇ ਕਿਸੇ ਦੂਜੇ ਪਾਸੋਂ ਮੰਗੀਏ ਤਾਂ ਸ਼ਰਮ ਨਾਲ ਮਰ ਜਾਈਏ (ਮੰਗਣ ਨਾਲੋਂ ਮਰਨਾ ਚੰਗਾ ਹੈ)।ਜਿਸ ਮਨੁੱਖ ਨੇ ਹਰੀ ਨੂੰ ਸੇਵਿਆ ਹੈ, ਉਸ ਨੇ (ਮਨ ਚਿੰਦਿਆ) ਫਲ ਪਾ ਲਿਆ ਹੈ, ਉਸ ਮਨੁੱਖ ਦੀ ਸਾਰੀ ਭੁੱਖ ਦੂਰ ਹੋ ਗਈ ਹੈ।ਨਾਨਕ ਉਨ੍ਹਾਂ ਪੁਰਖਾਂ ਤੋਂ ਵਾਰਨੇ ਜਾਂਦਾ ਹੈ, ਜਿਨ੍ਹਾਂ ਨੇ ਹਰ ਰੋਜ ਅਪਣੇ ਹਿਰਦੇ ਵਿਚ ਹਰੀ ਦੇ ਨਾਮ ਨੂੰ ਧਿਆਇਆ ਹੈ।੧੦।

ਪਦਾਰਥ = ਮਨ ਚਿੰਦਿਆ–ਮਨ ਦਾ ਚਾਹਿਆ ਹੋਇਆ।ਤਾ–ਤਾਂ; ਤਦ।ਲਾਜ ਮਰਾਈਐ–ਸ਼ਰਮ ਨਾਲ ਮਰ ਜਾਈਏ।ਜਨ ਕੀ–ਮਨੁੱਖ ਦੀ।ਗਵਾਈਐ–ਦੂਰ ਹੋ ਜਾਂਦੀ ਹੈ।ਵਿਟਹੁ–ਤੋਂ।ਵਾਰਿਆ–ਕੁਰਬਾਨ ਜਾਂਦਾ ਹਾਂ।ਅਨਦਿਨ–ਹਰ ਰੋਜ।੧੦।

ਸਲੋਕੁ ਮਃ ੩ ॥ ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ, ਆਪੇ ਲਇਅਨੁ ਜਨ ਲਾਇ ॥ ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ,ਸਿਰਿ ਛਤੁ ਸਚਾ ਹਰਿ ਬਣਾਇ ॥ ਸਦਾ ਸੁਖੀਏ ਨਿਰਮਲੇ, ਸਤਿਗੁਰ ਕੀ ਕਾਰ ਕਮਾਇ ॥ ਰਾਜੇ ਓਇ ਨ ਆਖੀਅਹਿ, ਭਿੜਿ ਮਰਹਿ ਫਿਰਿ ਜੂਨੀ ਪਾਹਿ ॥ ਨਾਨਕ ਵਿਣੁ ਨਾਵੈ ਨਕੀਂ ਵਢੀਂ ਫਿਰਹਿ, ਸੋਭਾ ਮੂਲਿ ਨ ਪਾਹਿ ॥੧॥ ਮੇਰਾ ਪਿਆਰਾ ਪ੍ਰਭੂ ਭਗਤ ਜਨਾਂ ਉਪਰ ਆਪ ਪ੍ਰਸੰਨ ਹੋਇਆ ਹੈ, (ਉਸ ਨੇ ਅਪਣੇ) ਭਗਤ ਜਨਾਂ ਨੂੰ ਆਪੇ (ਅਪਣੀ) ਸੇਵਾ ਵਿਚ ਲਾਇਆ ਹੈ।ਹਰੀ ਨੇ (ਭਗਤਾਂ ਦੇ) ਸਿਰ ਉਤੇ ਸੱਚਾ ਛਤ੍ਰ ਬਣਾ (ਧਰ) ਕੇ ਭਗਤ ਜਨਾਂ ਨੂੰ ਪਾਤਸ਼ਾਹੀ ਦਿਤੀ ਹੈ।(ਉਹ) ਸਤਿਗੁਰੂ ਦੀ ਸੇਵਾ ਕਮਾ (ਕਰ) ਕੇ ਸਦਾ ਸੁਖੀ ਤੇ ਪਵਿਤ੍ਰ ਰਹਿੰਦੇ ਹਨ।ਉਹ ਰਾਜੇ ਨਹੀਂ ਕਹੇ ਜਾਂਦੇ, ਜੋ (ਜੰਗ ਵਿਚ) ਲੜ ਮਰਦੇ ਹਨ ਤੇ ਫਿਰ ਜੂਨੀਆਂ ਵਿਚ ਪੈਂਦੇ ਹਨ।ਹੇ ਨਾਨਕ! ਹਰੀ ਦੇ ਨਾਮ ਤੋਂ ਬਿਨਾ ਉਹ ਰਾਜੇ ਨੱਕ ਵੱਢੇ (ਬੇ ਇੱਜਤ ਹੋਏ) ਫਿਰਦੇ ਹਨ ਅਤੇ ਕਦੇ ਵੀ ਸੋਭਾ ਨਹੀਂ ਪਾਉਂਦੇ।੧।

ਮਃ ੩ ॥ ਸੁਣਿ ਸਿਖਿਐ ਸਾਦੁ ਨ ਆਇਓ, ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥ ਸਤਿਗੁਰਿ ਸੇਵਿਐ ਨਾਮੁ ਮਨਿ ਵਸੈ, ਵਿਚਹੁ ਭ੍ਰਮੁ ਭਉ ਭਾਗੈ ॥ ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ, ਤਾ ਸਚਿ ਨਾਮਿ ਲਿਵ ਲਾਗੈ ॥ ਨਾਨਕ ਨਾਮਿ ਮਿਲੈ ਵਡਿਆਈ, ਹਰਿ ਦਰਿ ਸੋਹਨਿ ਆਗੈ ॥੨॥ (ਉਤਨਾ ਚਿਰ ਤਕ) ਸਿੱਖਿਆ ਸੁਣ ਕੇ ਅਨੰਦ ਨਹੀਂ ਆਉਂਦਾ, ਜਦ ਤਕ (ਮਨੁੱਖ ਦਾ ਮਨ) ਗੁਰੂ ਦੁਆਰਾ ਸ਼ਬਦ ਵਿਚ ਨਹੀਂ ਲਗਦਾ।ਸਤਿਗੁਰੂ ਦੀ ਸੇਵਾ ਕਰਨ ਨਾਲ ਨਾਮ ਮਨ ਵਿਚ ਵਸਦਾ ਹੈ ਅਤੇ ਮਨ ਵਿਚੋਂ ਭਰਮ ਤੇ (ਹਰੇਕ ਪ੍ਰਕਾਰ ਦਾ) ਡਰ ਦੌੜ ਜਾਂਦਾ ਹੈ।(ਜਦੋਂ ਕੋਈ ਮਨੁੱਖ) ਜਿਹੋ ਜਿਹਾ ਸਤਿਗੁਰੂ ਨੂੰ ਜਾਣਦਾ ਹੈ, (ਆਪ ਵੀ) ਉਹੋ ਜਿਹਾ ਹੋ ਜਾਵੇ (ਗੁਰੂ ਵਾਲੇ ਗੁਣ ਧਾਰਨ ਕਰ ਲਵੇ); ਜਿਹੋ ਜਿਹਾ ਕੋਈ ਮਨੁੱਖ ਸਤਿਗੁਰੂ ਨੂੰ ਸਮਝਦਾ ਹੈ, ਉਹੋ ਜਿਹਾ (ਉਸ ਨੂੰ ਫਲ) ਪ੍ਰਾਪਤ ਹੁੰਦਾ ਹੈ (ਜੇ ਸਤਿਗੁਰੂ ਨੂੰ ਰੱਬ ਰੂਪ ਕਰਕੇ ਜਾਣੇ) ਤਾਂ ਸੱਚੇ ਨਾਮ ਵਿਚ ਲਿਵ ਲਗਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਜਪਣ ਨਾਲ (ਮਨੁੱਖਾਂ ਨੂੰ ਇਸ ਲੋਕ ਵਿਚ ਵੀ) ਵਡਿਆਈ ਮਿਲਦੀ ਹੈ ਅਤੇ (ਉਹ) ਅੱਗੇ ਹਰੀ ਦੇ ਦਰ ਤੇ ਵੀ ਸੋਭਾ ਪਾਉਂਦੇ ਹਨ।੨।

ਪਦਾਰਥ = ਕੰਉ–ਨੂੰ (ਉਤੇ)।ਤੁਠਾ–ਪ੍ਰਸੰਨ; ਮੇਹਰਬਾਨ।ਸਿਰਿ–ਸਿਰ ਉਤੇ।ਛਤੁ–ਛਤ੍ਰ।ਨਿਰਮਲੇ–ਪਵਿਤ੍ਰ।ਕਾਰ ਕਮਾਇ–ਸੇਵਾ ਕਰਕੇ।ਓਇ–ਉਹ।ਭਿੜਿ ਮਰਹਿ–ਲੜ ਮਰਦੇ ਹਨ।ਫਿਰਿ–ਮੁੜ ਮੁੜ ਕੇ।ਪਾਹਿ–ਪੈਂਦੇ ਹਨ।ਵਿਣੁ–ਬਿਨਾ।ਨਕੀਂ ਵਢੀਂ–ਨੱਕ ਵੱਢੇ (ਬੇ ਇੱਜਤ ਹੋਏ)।ਮੂਲਿ–ਕਦੇ ਵੀ।੧।ਸਾਦੁ–ਸੁਆਦ (ਅਨੰਦ)।ਜਿਚਰੁ–ਜਦ ਤਕ।ਸੇਵਿਐ–ਸੇਵਾ ਕਰਨ ਨਾਲ।ਭਉ–ਡਰ।ਭਾਗੈ–ਦੌੜ ਜਾਂਦਾ ਹੈ।ਹਰਿ ਦਰਿ–ਹਰੀ ਦੇ ਦਰ ਤੇ।ਸੋਹਨਿ–ਸੋਭਾ ਪਾਉਂਦੇ ਹਨ।੨।

ਪਉੜੀ ॥ ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ, ਗੁਰੁ ਪੂਜਣ ਆਵਹਿ ॥ ਹਰਿ ਨਾਮੁ ਵਣੰਜਹਿ ਰੰਗ ਸਿਉ ,ਲਾਹਾ ਹਰਿ ਨਾਮੁ ਲੈ ਜਾਵਹਿ ॥ ਗੁਰਸਿਖਾ ਕੇ ਮੁਖ ਉਜਲੇ, ਹਰਿ ਦਰਗਹ ਭਾਵਹਿ ॥ ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ, ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥ ਤਿਨਾ ਗੁਰਸਿਖਾ ਕੰਉ ਹਉ ਵਾਰਿਆ, ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥੧੧॥ ਗੁਰਸਿੱਖਾਂ ਦੇ ਮਨ ਵਿਚ ਹਰੀ ਦੀ ਪ੍ਰੀਤ ਹੁੰਦੀ ਹੈ, (ਇਸੇ ਕਰਕੇ ਉਹ) ਗੁਰੂ ਨੂੰ ਪੂਜਣ ਆਉਂਦੇ ਹਨ।ਉਹ ਪ੍ਰੇਮ ਨਾਲ ਹਰੀ ਦੇ ਨਾਮ ਦਾ ਵਪਾਰ ਕਰਦੇ ਹਨ ਅਤੇ ਹਰੀ

ਦਾ ਨਾਮ ਹੀ ਲਾਭ ਵੱਜੋਂ (ਖੱਟ ਕੇ ਪ੍ਰਲੋਕ ਨੂੰ) ਲੈ ਜਾਂਦੇ ਹਨ।ਗੁਰਸਿੱਖਾਂ ਦੇ ਮੁਖ ਉਜਲ ਹਨ, (ਉਹ) ਹਰੀ ਦੀ ਦਰਗਾਹ ਵਿਚ ਚੰਗੇ (ਪਿਆਰੇ) ਲਗਦੇ ਹਨ।ਗੁਰੂ ਸਤਿਗੁਰੂ ਹਰੀ ਦੇ ਨਾਮ ਦਾ ਬੋਹਲ (ਅਮੁੱਕ ਭੰਡਾਰ) ਹੈ, ਵੱਡੇ ਭਾਗਾਂ ਵਾਲੇ ਸਿਖ (ਗੁਰੂ ਨਾਲ) ਗੁਣਾਂ ਦੀ ਸਾਂਝ ਕਰਦੇ ਹਨ।ਮੈਂ ਉਨ੍ਹਾਂ ਗੁਰਸਿੱਖਾਂ ਤੋਂ ਵਾਰਨੇ ਜਾਂਦਾ ਹਾਂ, ਜੋ ਬੈਠਦਿਆਂ ਤੇ ਉਠਦਿਆਂ ਹਰਿ ਦਾ ਨਾਮ ਸਿਮਰਦੇ ਹਨ।੧੧।

ਪਦਾਰਥ = ਵਣੰਜਹਿ–ਵਪਾਰ ਕਰਦੇ ਹਨ (ਆਪ ਜਪਦੇ ਤੇ ਹੋਰਨਾਂ ਨੂੰ ਜਪਾਉਂਦੇ ਹਨ)।ਰੰਗ ਸਿਉ–ਪ੍ਰੇਮ ਨਾਲ।ਲਾਹਾ–ਲਾਭ।ਭਾਵਹਿ –ਚੰਗੇ ਲਗਦੇ।ਬੋਹਲੁ–ਅਨਾਜ ਦਾ ਢੇਰ (ਭੰਡਾਰ)।ਸਾਂਝ–ਹਿੱਸੇਦਾਰੀ।ਕੰਉ–ਨੂੰ; ਤੋਂ।ਹਉ–ਮੈਂ।ਵਾਰਿਆ–ਸਦਕੇ ਜਾਂਦਾ ਹਾਂ।੧੧।

ਸਲੋਕ ਮਃ ੩ ॥ ਨਾਨਕ ਨਾਮੁ ਨਿਧਾਨੁ ਹੈ, ਗੁਰਮੁਖਿ ਪਾਇਆ ਜਾਇ ॥ ਮਨਮੁਖ ਘਰਿ ਹੋਂਦੀ ਵਥੁ ਨ ਜਾਣਨੀ, ਅੰਧੇ ਭਉਕਿ ਮੁਏ ਬਿਲਲਾਇ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦਾ) ਨਾਮ ਹੀ ਅਸਲ ਖਜਾਨਾ ਹੈ, ਜੋ ਗੁਰੂ ਦੀ ਸ਼ਰਣ ਵਿਚ ਰਹਿ ਕੇ ਪਾਇਆ ਜਾ ਸਕਦਾ ਹੈ।(ਪਰ) ਮਨਮੁਖ ਘਰ ਵਿਚ ਹੁੰਦੀ ਵਸਤੂ ਨੂੰ ਨਹੀਂ ਜਾਣਦੇ (ਮਨਮੁਖਾਂ ਨੂੰ ਹਿਰਦੇ ਵਿਚ ਮੌਜੂਦ ਨਾਮ ਪਦਾਰਥ ਦੀ ਜਾਣਕਾਰੀ ਨਹੀਂ, ਉਹ ਅਕਲ ਦੇ ਅੰਨ੍ਹੇ) ਅਗਿਆਨੀ ਮਨੁੱਖ ਭਉਂਕਦੇ ਵਿਰਲਾਪ ਕਰਦੇ ਮਰ ਗਏ ਹਨ।੧।

ਮਃ ੩ ॥ ਕੰਚਨ ਕਾਇਆ ਨਿਰਮਲੀ, ਜੋ ਸਚਿ ਨਾਮਿ ਸਚਿ ਲਾਗੀ ॥ ਨਿਰਮਲ ਜੋਤਿ ਨਿਰੰਜਨੁ ਪਾਇਆ, ਗੁਰਮੁਖਿ ਭ੍ਰਮੁ ਭਉ ਭਾਗੀ ॥ ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ, ਅਨਦਿਨੁ ਹਰਿ ਬੈਰਾਗੀ ॥੨॥ (ਉਹ ਮਨੁੱਖਾ) ਦੇਹ ਸੋਨੇ ਵਾਂਗ ਨਿਰਮਲ ਹੈ, ਜੋ ਸੱਚੇ ਨਾਮ ਦੇ ਸਿਮਰਨ ਰਾਹੀਂ ਸੱਚੇ ਪ੍ਰਭੂ ਵਿਚ ਜੁੜੀ ਹੋਈ ਹੈ।(ਉਸ ਮਨੁੱਖ ਨੇ) ਮਾਇਆ ਤੋਂ ਨਿਰਲੇਪ ਜੋਤੀ ਸਰੂਪ ਨਿਰਮਲ ਪ੍ਰਭੂ ਨੂੰ ਪਾ ਲਿਆ ਹੈ, (ਕਿਉਂਕਿ ਉਸ ਦਾ) ਗੁਰੂ ਦੁਆਰਾ ਭਰਮ ਤੇ (ਹਰ ਪ੍ਰਕਾਰ ਦਾ) ਡਰ ਭੱਜ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਪੁਰਖ ਸਦਾ ਹੀ ਸੁਖ ਪਾਉਂਦੇ ਹਨ, (ਕਿਉਂਕਿ ਉਹ) ਹਰ ਰੋਜ ਹਰੀ ਦੇ ਨਾਮ ਵਿਚ ਬੈਰਾਗੀ ਰਹਿੰਦੇ ਹਨ (ਗੁਰਮੁਖਾਂ ਨੇ ਸੰਸਾਰ ਦੇ ਹੋਰ ਪਦਾਰਥਾਂ ਦਾ ਮੋਹ ਛਡ ਦਿਤਾ ਹੁੰਦਾ ਹੈ, ਕੇਵਲ ਹਰੀ ਦੇ ਨਾਮ ਵਿਚ ਮਗਨ ਰਹਿੰਦੇ ਹਨ)।੨।

ਪਦਾਰਥ = ਨਿਧਾਨੁ–ਖਜਾਨਾ।ਗੁਰਮੁਖਿ–ਗੁਰੂ ਦੁਆਰਾ।ਘਰਿ–ਹਿਰਦੇ ਵਿਚ।ਵਥੁ–ਵਸਤੂ।ਅੰਧੇ–ਅੰਨ੍ਹੇ (ਅਗਿਆਨੀ)।ਮੁਏ–ਮਰ ਗਏ ਹਨ।ਬਿਲਲਾਇ–ਵਿਰਲਾਪ ਕਰਦੇ।੧।ਕੰਚਨ–ਸੋਨਾ।ਕਾਇਆ–ਸਰੀਰ।ਨਿਰਮਲੀ–ਪਵਿਤ੍ਰ।ਸਚਿ ਨਾਮਿ–ਸੱਚੇ ਨਾਮ ਰਾਹੀਂ। ਸਚਿ–ਸੱਚੇ ਪ੍ਰਭੂ ਵਿਚ।ਲਾਗੀ–ਲੱਗੀ (ਜੁੜੀ) ਹੋਈ ਹੈ।ਨਿਰੰਜਨੁ–ਮਾਇਆ ਤੋਂ ਨਿਰਲੇਪ।ਭਉ–ਡਰ।ਭਾਗੀ–ਨੱਠ ਗਿਆ।ਗੁਰਮੁਖਿ– ਗੁਰੂ ਦੇ ਦੱਸੇ ਰਸਤੇ ਤੇ ਚੱਲਣ ਵਾਲਾ ਮਨੁੱਖ।ਅਨਦਿਨੁ–ਹਰ ਰੋਜ।ਬੈਰਾਗੀ–ਪਦਾਰਥਾਂ ਦਾ ਮੋਹ ਛਡ ਦੇਣ ਵਾਲਾ ਮਨੁੱਖ।੨।

ਪਉੜੀ ॥ ਸੇ ਗੁਰਸਿਖ ਧਨੁ ਧੰਨੁ ਹੈ, ਜਿਨੀ ਗੁਰ ਉਪਦੇਸ ਸੁਣਿਆ ਹਰਿ ਕੰਨੀ ॥ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ, ਤਿਨਿ ਹੰਉਮੈ ਦੁਬਿਧਾ ਭੰਨੀ ॥ ਬਿਨੁ ਹਰਿ ਨਾਵੈ ਕੋ ਮਿਤ੍ਰ ਨਾਹੀ, ਵੀਚਾਰਿ ਡਿਠਾ ਹਰਿ ਜੰਨੀ ॥ (ਹੇ ਭਾਈ!) ਉਹ ਗੁਰਸਿੱਖ ਧੰਨ ਧੰਨ ਹਨ, ਜਿਨ੍ਹਾਂ ਨੇ ਗੁਰੂ ਦਾ ਉਪਦੇਸ ਕੰਨਾਂ (ਧਿਆਨ) ਨਾਲ ਸੁਣਿਆ ਹੈ।(ਉਨ੍ਹਾਂ ਦੇ ਹਿਰਦੇ ਵਿਚ) ਪੂਜਨੀਕ ਸਤਿਗੁਰੂ ਨੇ ਹਰੀ ਦਾ ਨਾਮ ਦ੍ਰਿੜ ਕਰਾ ਦਿਤਾ ਹੈ, (ਨਾਮ ਜਪ ਕੇ) ਉਨ੍ਹਾਂ ਨੇ ਹਉਮੈ ਤੇ ਦੁਬਿਧਾ ਨਾਸ਼ ਕਰ ਦਿਤੀ ਹੈ।ਹਰੀ ਦੇ ਸੇਵਕਾਂ ਨੇ ਵਿਚਾਰ ਕੇ ਦੇਖ ਲਿਆ ਹੈ ਕਿ (ਅੱਗੇ ਪ੍ਰਲੋਕ ਵਿਚ ਜੀਵ ਦਾ) ਹਰੀ ਦੇ ਨਾਮ ਤੋਂ ਬਿਨਾ ਕੋਈ ਮਿਤ੍ਰ ਨਹੀਂ ਹੈ।

ਅੰਗ ੫੯੧ = ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ, ਤਿਨੀ ਸਤਿਗੁਰ ਕੀ ਗਲ ਮੰਨੀ ॥ ਜੋ ਗੁਰਮੁਖਿ ਨਾਮੁ ਧਿਆਇਦੇ, ਤਿਨੀ ਚੜੀ ਚਵਗਣਿ ਵੰਨੀ ॥੧੨॥ ਜਿਨ੍ਹਾਂ ਗੁਰ ਸਿੱਖਾਂ ਉਤੇ ਹਰੀ ਪ੍ਰਸੰਨ (ਮੇਹਰਵਾਨ) ਹੋਇਆ ਹੈ, ਉਨ੍ਹਾਂ ਨੇ ਸਤਿਗੁਰੂ ਦੀ ਗੱਲ (ਸਿੱਖਿਆ) ਮੰਨੀ ਹੈ।ਜੋ (ਸਿੱਖ) ਗੁਰੂ ਦੁਆਰਾ ਨਾਮ ਸਿਮਰਦੇ ਹਨ, ਉਨ੍ਹਾਂ ਨੂੰ (ਨਾਮ ਦੀ) ਚਉਗਣੀ ਰੰਗਤ ਚੜ੍ਹੀ ਹੈ।੧੨।

ਪਦਾਰਥ = ਸੇ–ਉਹ।ਜਿਨੀ–ਜਿਨ੍ਹਾਂ ਨੇ।ਕੰਨੀ–ਕੰਨਾਂ (ਧਿਆਨ) ਨਾਲ।ਗੁਰਿ ਸਤਿਗੁਰਿ–ਪੂਜਨੀਕ ਸਤਿਗੁਰੂ ਨੇ।ਤਿਨਿ–ਉਨ੍ਹਾਂ ਨੇ। ਭੰਨੀ–ਤੋੜ (ਨਾਸ਼ ਕਰ) ਦਿਤੀ।ਕੋ–ਕੋਈ।ਜੰਨੀ–ਸੇਵਕਾਂ ਨੇ।ਸੰਤੁਸਟੁ–ਪ੍ਰਸੰਨ।ਚਵਗਣਿ–ਚਾਰ ਗੁਣਾਂ।ਵੰਨੀ–ਰੰਗਤ।੧੨।

ਸਲੋਕ ਮਃ ੩ ॥ ਮਨਮੁਖੁ ਕਾਇਰੁ ਕਰੂਪੁ ਹੈ, ਬਿਨੁ ਨਾਵੈ ਨਕੁ ਨਾਹਿ ॥ ਅਨਦਿਨੁ ਧੰਧੈ ਵਿਆਪਿਆ, ਸੁਪਨੈ ਭੀ ਸੁਖੁ ਨਾਹਿ ॥ ਨਾਨਕ ਗੁਰਮੁਖਿ ਹੋਵਹਿ ਤਾ ਉਬਰਹਿ, ਨਾਹਿ ਤ ਬਧੇ ਦੁਖ ਸਹਾਹਿ ॥੧॥ ਮਨਮੁਖ ਡਰਪੋਕ ਤੇ ਬਦ ਸ਼ਕਲ ਹੈ, ਨਾਮ ਤੋਂ ਬਿਨਾ ਹੋਣ ਕਰਕੇ (ਉਸ ਦਾ) ਨੱਕ ਨਹੀਂ ਰਹਿੰਦਾ (ਬੇਇੱਜਤ ਹੈ)।ਹਰ ਰੋਜ ਧੰਧਿਆਂ ਵਿਚ ਫਸਿਆ ਰਹਿੰਦਾ ਹੈ, (ਜਿਸ ਕਰਕੇ ਉਸ ਨੂੰ) ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਜੇ ਮਨਮੁਖ ਵੀ) ਗੁਰਮੁਖ ਹੋ ਜਾਣ, ਤਾਂ (ਸੰਸਾਰੀ ਝਮੇਲਿਆਂ ਤੋਂ) ਬਚ ਸਕਦੇ ਹਨ, ਨਹੀਂ ਤਾਂ (ਸੰਸਾਰ ਦੇ ਬੰਧਨਾਂ ਵਿਚ) ਬੰਨ੍ਹੇ ਹੋਏ ਦੁਖ ਸਹਿੰਦੇ ਰਹਿਣਗੇ।੧।

ਮਃ ੩ ॥ ਗੁਰਮੁਖਿ ਸਦਾ ਦਰਿ ਸੋਹਣੇ, ਗੁਰ ਕਾ ਸਬਦੁ ਕਮਾਹਿ ॥ ਅੰਤਰਿ ਸਾਂਤਿ ਸਦਾ ਸੁਖੁ ,ਦਰਿ ਸਚੈ ਸੋਭਾ ਪਾਹਿ ॥ ਨਾਨਕ ਗੁਰਮੁਖਿ ਹਰਿ ਨਾਮੁ ਪਾਇਆ, ਸਹਜੇ ਸਚਿ ਸਮਾਹਿ ॥੨॥ ਗੁਰਮੁਖ ਸਦਾ ਹੀ ਹਰੀ ਦੇ ਦਰ ਤੇ ਸੋਹਣੇ ਲਗਦੇ ਹਨ, (ਕਿਉਂਕਿ ਉਹ)

ਗੁਰੂ ਦਾ ਸ਼ਬਦ ਕਮਾਉਂਦੇ ਹਨ।(ਉਨ੍ਹਾਂ ਦੇ ਹਿਰਦੇ) ਅੰਦਰ ਸਦਾ ਸ਼ਾਂਤੀ ਤੇ ਸੁਖ ਹੈ, (ਉਹ) ਸੱਚੇ ਪ੍ਰਭੂ ਦੇ ਦਰ ਤੇ ਸੋਭਾ ਪਾਉਂਦੇ ਹਨ।ਹੇ ਨਾਨਕ! ਗੁਰਮੁਖਾਂ ਨੇ ਹਰੀ ਦਾ ਨਾਮ ਪਾਇਆ ਹੈ, (ਜਿਸ ਕਰਕੇ ਉਹ) ਸਹਜੇ ਹੀ ਸੱਚੇ ਪ੍ਰਭੂ ਵਿਚ ਸਮਾ ਜਾਣਗੇ।੨।

ਪਦਾਰਥ = ਕਾਇਰੁ–ਡਰਪੋਕ (ਕਾਮਾਦਿਕਾਂ ਅੱਗੇ ਝੁਕ ਜਾਣ ਵਾਲਾ)।ਕਰੂਪੁ–ਭੈੜੇ ਮੂੰਹ ਵਾਲਾ।ਨਕੁ ਨਾਹਿ–ਵੱਢੇ ਨੱਕ ਵਾਲਾ (ਬੇਇੱਜਤ)।ਅਨਦਿਨੁ–ਹਰ ਰੋਜ।ਧੰਧੈ–ਧੰਧਿਆਂ ਵਿਚ।ਵਿਆਪਿਆ–ਫਸਿਆ ਹੋਇਆ ਹੈ।ਉਬਰਹਿ–ਬਚ ਸਕਦੇ ਹਨ।ਸਹਾਹਿ–ਸਹਿੰਦੇ ਹਨ।੧।ਦਰਿ–ਹਰੀ ਦੇ ਦਰ ਤੇ।ਅੰਤਰਿ–ਹਿਰਦੇ ਅੰਦਰ।ਪਾਹਿ–ਪਾਉਂਦੇ ਹਨ।ਸਹਜੇ–ਸੁਭਾਵਕ ਹੀ।ਸਮਾਹਿ–ਸਮਾ ਜਾਣਗੇ।੨।

ਪਉੜੀ ॥ ਗੁਰਮੁਖਿ ਪ੍ਰਹਲਾਦਿ ਜਪਿ ਹਰਿ ਗਤਿ ਪਾਈ ॥ ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥ ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥ ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ ॥ ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥੧੩॥ ਭਗਤ ਪ੍ਰਹਲਾਦ ਨੇ ਗੁਰੂ ਦੁਆਰਾ ਹਰੀ ਦਾ ਨਾਮ ਜਪ ਕੇ ਮੁਕਤੀ ਪ੍ਰਾਪਤ ਕੀਤੀ ਸੀ।ਰਾਜਾ ਜਨਕ ਨੇ ਗੁਰੂ ਦੁਆਰਾ ਹਰੀ ਦੇ ਨਾਮ ਵਿਚ ਲਿਵ ਲਾਈ ਸੀ।ਬਸਿਸਟ ਰਿਖੀ ਨੇ ਗੁਰੂ ਦੁਆਰਾ (ਨਾਮ ਜਪ ਕੇ) ਹਰੀ ਦਾ ਉਪਦੇਸ਼ (ਰਾਮ ਚੰਦਰ ਜੀ ਨੂੰ) ਸੁਣਾਇਆ।ਹੇ ਮੇਰੇ ਭਾਈ! ਗੁਰੂ ਤੋਂ ਬਿਨਾ ਕਿਸੇ ਨੇ ਵੀ ਹਰੀ ਦਾ ਨਾਮ ਪ੍ਰਾਪਤ ਨਹੀਂ ਕੀਤਾ।(ਪਰ) ਹਰੀ ਦੀ ਭਗਤੀ (ਜਿਸ ਕਿਸੇ ਨੂੰ ਮਿਲੀ ਹੈ, ਉਹ) ਹਰੀ ਨੇ ਆਪ ਗੁਰੂ ਦੁਆਰਾ ਪ੍ਰਾਪਤ ਕਰਾਈ ਹੈ (ਹਰੀ, ਗੁਰੂ ਰੂਪ ਹੋ ਕੇ ਆਪ ਹੀ ਗੁਰਮੁਖਾਂ ਨੂੰ ਨਾਮ ਬਖਸ਼ਦਾ ਹੈ)।੧੩।

ਪਦਾਰਥ = ਗੁਰਮੁਖਿ–ਗੁਰੂ ਦੁਆਰਾ (ਗੁਰੂ ਧਾਰਨ ਕਰਕੇ)।ਪ੍ਰਹਲਾਦਿ–ਪ੍ਰਹਲਾਦ ਨੇ (ਹਰਨਾਕਸ਼ ਦਾ ਪੁਤ੍ਰ ਹੋਇਆ ਹੈ, ਪ੍ਰਹਲਾਦ ਦਾ ਗੁਰੂ ਨਾਰਦ ਮੁਨੀ ਸੀ)।ਗਤਿ–ਮੁਕਤੀ।ਜਨਕਿ–ਰਾਜਾ ਜਨਕ ਨੇ (ਜਿਸ ਦਾ ਗੁਰੂ ਅਸ਼ਟਾਵ੍ਰਕ ਹੋਇਆ ਹੈ, ਸੁਕਦੇਵ ਨੇ ਰਾਜਾ ਜਨਕ ਨੂੰ ਗੁਰੂ ਧਾਰਿਆ)।ਨਾਮਿ–ਨਾਮ ਵਿਚ।ਬਸਿਸਟਿ–ਰਿਖੀ ਵਸ਼ਿਸ਼ਟ ਨੇ (ਜੋ ਰਾਮ ਚੰਦਰ ਦਾ ਗੁਰੂ ਸੀ)।ਕਿਨੈ–ਕਿਸੇ ਨੇ।ਮੇਰੇ ਭਾਈ–ਹੇ ਮੇਰੇ ਭਾਈ!।ਲਹਾਈ–ਲਭਾਈ (ਪ੍ਰਾਪਤ ਕਰਾਈ)।੧੩।

ਸਲੋਕੁ ਮਃ ੩ ॥ ਸਤਿਗੁਰ ਕੀ ਪਰਤੀਤਿ ਨ ਆਈਆ, ਸਬਦਿ ਨ ਲਾਗੋ ਭਾਉ ॥ ਓਸ ਨੋ ਸੁਖੁ ਨ ਉਪਜੈ, ਭਾਵੈ ਸਉ ਗੇੜਾ ਆਵਉ ਜਾਉ ॥ ਨਾਨਕ ਗੁਰਮੁਖਿ ਸਹਜਿ ਮਿਲੈ, ਸਚੇ ਸਿਉ ਲਿਵ ਲਾਉ ॥੧॥ (ਹੇ ਭਾਈ! ਜਿਸ ਮਨੁੱਖ ਨੂੰ) ਸਤਿਗੁਰੂ ਦੀ ਪ੍ਰਤੀਤ ਨਹੀਂ ਆਈ (ਸਤਿਗੁਰੂ ਤੇ ਭਰੋਸਾ ਨਹੀਂ ਬੱਝਾ ਅਤੇ ਗੁਰੂ ਦੇ) ਸ਼ਬਦ ਵਿਚ ਪ੍ਰੇਮ ਨਹੀਂ ਲੱਗਿਆ।ਉਸ ਨੂੰ ਕਦੇ ਵੀ ਸੁਖ ਪੈਦਾ ਨਹੀਂ ਹੋਵੇਗਾ, ਭਾਵੇਂ (ਉਹ ਗੁਰੂ ਪਾਸ) ਸੌ ਬਾਰ ਆਉਂਦਾ ਜਾਂਦਾ ਰਹੇ (ਫ.ਸ.; ਦਰਪਣ); ਸੌ ਬਾਰ ਜਨਮ ਮਰਨ ਦੇ ਗੇੜੇ ਲਾ ਲਵੇ (ਸ਼ਬਦਾਰਥ; ਸੰ. ਪੋ.)।ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਗੁਰੂ ਦੁਆਰਾ ਸੱਚੇ ਨਾਮ ਨਾਲ ਲਿਵ ਲਗਾ ਲਵੇ ਤਾਂ ਸੌਖੇ ਹੀ ਪ੍ਰਭੂ ਮਿਲ ਪੈਂਦਾ ਹੈ।੧।

ਮਃ ੩ ॥ ਏ ਮਨ ਐਸਾ ਸਤਿਗੁਰੁ ਖੋਜਿ ਲਹੁ ,ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥ ਸਹਸਾ ਮੂਲਿ ਨ ਹੋਵਈ, ਹਉਮੈ ਸਬਦਿ ਜਲਾਇ ॥ ਕੂੜੈ ਕੀ ਪਾਲਿ ਵਿਚਹੁ ਨਿਕਲੈ, ਸਚੁ ਵਸੈ ਮਨਿ ਆਇ ॥ ਅੰਤਰਿ ਸਾਂਤਿ ਮਨਿ ਸੁਖੁ ਹੋਇ, ਸਚ ਸੰਜਮਿ ਕਾਰ ਕਮਾਇ ॥ ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ, ਹਰਿ ਜੀਉ ਕਿਰਪਾ ਕਰੇ ਰਜਾਇ ॥੨॥ ਹੇ ਮਨ! ਐਸਾ ਸਤਿਗੁਰੂ ਲੱਭ ਲਵੋ, ਜਿਸ ਦੀ ਸੇਵਾ ਕਰਨ ਨਾਲ ਜਨਮ ਮਰਣ ਦਾ ਦੁਖ ਚਲੇ ਜਾਂਦਾ ਹੈ।(ਹੇ ਮਨ! ਜੇ ਸਤਿਗੁਰੂ ਦੇ) ਸ਼ਬਦ ਦੁਆਰਾ ਹਉਮੈ ਸਾੜ ਦੇਵੇਂ ਤਾਂ ਸੰਸਾ ਕਦੇ ਵੀ ਨਹੀਂ ਹੋਵੇਗਾ।(ਕਿਉਂਕਿ ਸ਼ਬਦ ਦੀ ਬਰਕਤ ਨਾਲ ਸੰਸੇ ਪੈਦਾ ਕਰਨ ਵਾਲੀ) ਕੂੜ ਦੀ ਕੰਧ ਹਿਰਦੇ ਵਿਚੋਂ ਨਿਕਲ ਜਾਂਦੀ ਹੈ ਅਤੇ ਸੱਚਾ ਨਾਮ ਮਨ ਵਿਚ ਆ ਵਸਦਾ ਹੈ।ਹਿਰਦੇ ਅੰਦਰ ਸ਼ਾਂਤੀ ਤੇ ਮਨ ਵਿਚ ਸੁਖ ਹੁੰਦਾ ਹੈ, (ਫਿਰ ਮਨੁੱਖ) ਸੱਚ ਦੀ ਰਹਿਣੀ (ਜਾਂ ਸੱਚ ਤੇ ਸਦਾਚਾਰੀ ਨਿਯਮਾਂ) ਨਾਲ ਕੰਮ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਤਾਂ ਮਿਲਦਾ ਹੈ, (ਜਦ ਮਨੁੱਖ ਦੇ) ਪੂਰੇ ਭਾਗਾਂ ਕਰਕੇ ਹਰਿ ਜੀ ਅਪਣੀ ਮਰਜੀ ਨਾਲ ਕਿਰਪਾ ਕਰਦਾ ਹੈ।੨।

ਪਦਾਰਥ = ਪਰਤੀਤਿ–ਭਰੋਸਾ।ਭਾਉ–ਪ੍ਰੇਮ।ਓਸਨੋ–ਉਸ ਨੂੰ।ਭਾਵੈ–ਭਾਵੇਂ।ਸਉ ਗੇੜਾ–ਸੌ ਵਾਰੀ; ਸੌ ਚੱਕਰ।ਆਵਉ ਜਾਉ–ਆਉਂਦਾ ਜਾਂਦਾ ਰਹੇ; ਜਨਮ ਧਾਰੇ।ਸਹਜਿ–ਸੌਖੇ ਹੀ।ਸਚੇ ਸਿਉ–ਸੱਚੇ ਪ੍ਰਭੂ ਨਾਲ।ਲਿਵ ਲਾਉ–ਲਿਵ ਲਗ ਜਾਵੇ।੧।ਖੋਜਿ ਲਹੁ–ਲੱਭ ਲਵੋ।ਸਹਸਾ–ਸੰਸਾ; ਸ਼ੱਕ।ਮੂਲਿ–ਕਦੇ ਵੀ।ਪਾਲਿ–ਕੰਧ; ਪੜਦਾ।ਅੰਤਰਿ–ਹਿਰਦੇ ਅੰਦਰ।ਸਚ ਸੰਜਮਿ–ਸੱਚ ਦੀ ਰਹਿਣੀ ਨਾਲ; ਸੱਚ ਤੇ ਸਦਾਚਾਰੀ ਨਿਯਮਾਂ ਅਨੁਸਾਰ।ਕਾਰ ਕਮਾਇ–ਕੰਮ ਕਰਦਾ ਹੈ।ਕਰਮਿ–ਭਾਗਾਂ ਨਾਲ।ਰਜਾਇ–ਮਰਜੀ (ਇੱਛਾ) ਨਾਲ।੨।

ਪਉੜੀ ॥ ਜਿਸ ਕੈ ਘਰਿ ਦੀਬਾਨੁ ਹਰਿ ਹੋਵੈ, ਤਿਸ ਕੀ ਮੁਠੀ ਵਿਚ ਜਗਤੁ ਸਭੁ ਆਇਆ ॥ ਤਿਸ ਕਉ ਤਲਕੀ ਕਿਸੈ ਦੀ ਨਾਹੀ, ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ ॥ ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ, ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥ ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ, ਤਿਨਿ ਰਹਦੇ ਖੁਹਦੇ ਆਣਿ ਸਭਿ ਭਗਤਾ ਅਗੈ ਖਲਵਾਇਆ ॥ ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ, ਗੁਰਮੁਖਿ ਵਿਰਲੈ ਕਿਨੈ ਧਿਆਇਆ ॥੧੪॥ (ਹੇ ਭਾਈ!) ਜਿਸ ਮਨੁੱਖ ਦੇ ਹਿਰਦੇ

ਘਰ ਵਿਚ ਹਰੀ ਰੂਪ ਹਾਕਮ ਵਸਦਾ ਹੋਵੇ, ਸਾਰਾ ਜਗਤ ਉਸ ਦੀ ਮੁੱਠੀ (ਵਸ) ਵਿਚ ਆ ਗਿਆ। ਉਸ ਮਨੁੱਖ ਨੂੰ ਕਿਸੇ ਦੀ ਅਧੀਨਗੀ ਨਹੀਂ ਕਰਨੀ ਪੈਂਦੀ, ਹਰੀ ਰੂਪ ਹਾਕਮ ਨੇ ਸਭ ਨੂੰ ਲਿਆ ਕੇ (ਉਸ ਦੇ) ਪੈਰੀਂ ਪਾ ਦਿਤਾ। ਮਨੁੱਖਾਂ ਦੀ ਅਦਾਲਤ ਵਿਚੋਂ ਕੋਈ ਨੱਠ ਭੱਜ ਕੇ ਨਿਕਲ ਸਕਦਾ ਹੈ, ਪਰ ਹਰੀ ਦੀ ਅਦਾਲਤ ਵਿਚੋਂ ਕੋਈ ਕਿਥੇ ਜਾ ਸਕਦਾ ਹੈ? ਉਹ ਐਸਾ ਹਰੀ ਰੂਪ ਹਾਕਮ ਭਗਤਾਂ ਦੇ ਹਿਰਦੇ ਵਿਚ ਵਸਿਆ ਹੈ, ਉਸ ਹਰੀ ਨੇ ਬਚੇ ਖੁਚੇ ਸਾਰੇ ਲੋਕ ਭਗਤਾਂ ਅੱਗੇ ਲਿਆ ਕੇ ਖੜੇ ਕਰ (ਸੇਵਾ ਵਿਚ ਲਗਾ) ਦਿਤੇ। ਹਰੀ ਦੇ ਨਾਮ ਦੀ ਵਡਿਆਈ ਪ੍ਰਭੂ ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦੀ ਹੈ, ਕਿਸੇ ਵਿਰਲੇ ਮਨੁੱਖ ਨੇ ਗੁਰੂ ਦੁਆਰਾ ਹਰੀ ਨੂੰ ਸਿਮਰਿਆ ਹੈ।੧੪।

ਪਦਾਰਥ = ਘਰਿ–ਹਿਰਦੇ ਵਿਚ। ਦੀਬਾਨੁ–ਹਾਕਮ। ਮੁਠੀ ਵਿਚ–ਵਸ ਵਿਚ; ਅਧੀਨ। ਤਿਸ ਕਉ–ਉਸ ਨੂੰ। ਤਲਕੀ–ਅਧੀਨਗੀ; ਤਾਬੇਦਾਰੀ; ਗੁਲਾਮੀ। ਹਰਿ ਦੀਬਾਨਿ–ਹਰੀ ਹਾਕਮ ਨੇ। ਆਣਿ–ਲਿਆ ਕੇ। ਮਾਣਸਾ ਕਿਅਹੁ–ਮਨੁੱਖਾਂ ਦੇ। ਦੀਬਾਣਹੁ–ਅਦਾਲਤ ਵਿਚੋਂ। ਨਸਿ ਭਜਿ–ਦੌੜ ਭੱਜ (ਜਤਨ) ਕਰਕੇ। ਸੋ–ਉਹ। ਤਿਨਿ–ਉਸ ਨੇ। ਰਹਦੇ ਖੁਹਦੇ–ਬਾਕੀ ਬਚੇ ਹੋਏ (ਜੋ ਪੈਰੀਂ ਪੈਣ ਤੋਂ ਅਜੇ ਝਿਜਕਦੇ ਸਨ) । ਖਲਵਾਇਆ–ਖੜ੍ਹੇ ਕਰ ਦਿਤੇ। ਕਰਮਿ–ਬਖਸ਼ਿਸ਼ ਨਾਲ; ਭਾਗਾਂ ਨਾਲ। ਕਿਨੈ–ਕਿਸੇ ਨੇ।੧੪।

ਸਲੋਕੁ ਮਃ ੩ ॥ ਬਿਨੁ ਸਤਿਗੁਰ ਸੇਵੇ ਜਗਤੁ ਮੁਆ, ਬਿਰਥਾ ਜਨਮੁ ਗਵਾਇ ॥ ਦੂਜੈ ਭਾਇ ਅਤਿ ਦੁਖੁ ਲਗਾ, ਮਰਿ ਜੰਮੈ ਆਵੈ ਜਾਇ ॥ ਵਿਸਟਾ ਅੰਦਰਿ ਵਾਸੁ ਹੈ, ਫਿਰਿ ਫਿਰਿ ਜੂਨੀ ਪਾਇ ॥ ਨਾਨਕ ਬਿਨੁ ਨਾਵੈ ਜਮੁ ਮਾਰਸੀ, ਅੰਤਿ ਗਇਆ ਪਛੁਤਾਇ ॥੧॥ (ਹੇ ਭਾਈ!) ਸਤਿਗੁਰੂ ਦੀ ਸੇਵਾ ਕੀਤੇ ਬਿਨਾ ਸਾਰਾ ਜਗਤ ਮਨੁੱਖਾ ਜਨਮ ਬਿਰਥਾ ਗਵਾ ਕੇ ਮਰ ਰਿਹਾ ਹੈ। ਦ੍ਵੈਤ ਭਾਵ ਵਿਚ ਰਹਿਣ ਕਰਕੇ (ਇਸ ਨੂੰ) ਬਹੁਤ ਦੁਖ ਲੱਗਾ ਹੋਇਆ ਹੈ, (ਜਿਸ ਕਰਕੇ ਇਹ) ਮਰਦਾ ਜੰਮਦਾ ਆਉਂਦਾ ਜਾਂਦਾ ਰਹਿੰਦਾ ਹੈ। (ਗੁਰੂ ਦੀ ਸੇਵਾ ਤੋਂ ਬਿਨਾ ਮਨੁੱਖ ਦਾ) ਵਾਸਾ ਵਿਸ਼ਟਾ ਵਿਚ ਹੁੰਦਾ ਹੈ ਅਤੇ ਮੁੜ ਮੁੜ ਕੇ ਜੂਨੀਆਂ ਵਿਚ ਪਾਇਆ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਜਪੇ ਤੋਂ ਬਿਨਾ (ਜੀਵ ਨੂੰ) ਜਮ ਮਾਰੇਗਾ ਅਤੇ (ਅਜੇਹਾ ਜੀਵ) ਅੰਤ ਵੇਲੇ (ਪ੍ਰਲੋਕ ਨੂੰ) ਗਿਆ ਹੋਇਆ ਪਛਤਾਵੇਗਾ।੧।

ਮਃ ੩ ॥ ਇਸੁ ਜਗ ਮਹਿ ਪੁਰਖੁ ਏਕੁ ਹੈ, ਹੋਰ ਸਗਲੀ ਨਾਰਿ ਸਬਾਈ ॥ ਸਭਿ ਘਟ ਭੋਗਵੈ ਅਲਿਪਤੁ ਰਹੈ, ਅਲਖੁ ਨ ਲਖਣਾ ਜਾਈ ॥ ਇਸ ਜਗਤ ਵਿਚ ਇਕੋ ਹੀ ਪੁਰਖ ਹੈ, ਹੋਰ ਸਾਰੀ ਦੁਨੀਆਂ ਉਸ ਦੀਆਂ ਇਸਤ੍ਰੀਆਂ ਹਨ {ਠਾਕੁਰੁ ਏਕੁ ਸਬਾਈ ਨਾਰਿ ੯੩੩}। (ਉਹ) ਸਾਰੇ ਸਰੀਰਾਂ ਨੂੰ ਭੋਗਦਾ ਹੈ, (ਪਰ) ਨਿਰਲੇਪ ਰਹਿੰਦਾ ਹੈ, ਉਹ ਅਲੱਖ ਹੈ, ਸਮਝਿਆ ਨਹੀਂ ਜਾ ਸਕਦਾ।

ਅੰਗ ੫੯੨ = ਪੂਰੈ ਗੁਰਿ ਵੇਖਾਲਿਆ, ਸਬਦੇ ਸੋਝੀ ਪਾਈ ॥ ਪੁਰਖੈ ਸੇਵਹਿ ਸੇ ਪੁਰਖ ਹੋਵਹਿ, ਜਿਨੀ ਹਉਮੈ ਸਬਦਿ ਜਲਾਈ ॥ ਤਿਸ ਕਾ ਸਰੀਕੁ ਕੋ ਨਹੀਂ, ਨਾ ਕੋ ਕੰਟਕੁ ਵੈਰਾਈ ॥ ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ, ਨਾ ਆਵੈ ਨਾ ਜਾਈ ॥ ਅਨਦਿਨੁ ਸੇਵਕੁ ਸੇਵਾ ਕਰੇ, ਹਰਿ ਸਚੇ ਕੇ ਗੁਣ ਗਾਈ ॥ ਨਾਨਕੁ ਵੇਖਿ ਵਿਗਸਿਆ, ਹਰਿ ਸਚੇ ਕੀ ਵਡਿਆਈ ॥੨॥ ਪੂਰੇ ਗੁਰੂ ਨੇ ਸ਼ਬਦ ਦੁਆਰਾ ਸੋਝੀ ਪਾ ਕੇ (ਉਹ ਅਲੱਖ ਰੂਪ ਪੁਰਖ ਸਾਨੂੰ) ਦਿਖਾ ਦਿਤਾ ਹੈ। ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ ਸ਼ਬਦ ਦੁਆਰਾ ਅਪਣੀ ਹਉਮੈ ਜਲਾ ਦਿਤੀ ਹੈ, ਉਹ ਪੁਰਖ (ਨਰ ਹਸਤੀ) ਨੂੰ ਸੇਂਵਦੇ ਹਨ ਤੇ ਉਹ ਪੁਰਖ ਰੂਪ ਹੋ ਜਾਂਦੇ ਹਨ {ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ੧੧੩੮}। ਉਸ ਪ੍ਰਭੂ ਦਾ ਕੋਈ ਸਰੀਕ ਨਹੀਂ ਅਤੇ ਨਾ ਹੀ (ਉਸ ਦਾ) ਕੋਈ ਦੁਖਦਾਈ ਬੈਰੀ ਹੈ। ਉਸ ਪ੍ਰਭੂ ਦਾ ਰਾਜ ਸਦਾ ਅਚੱਲ ਰਹਿਣ ਵਾਲਾ ਹੈ ਅਤੇ ਨਾ ਉਹ ਆਉਂਦਾ ਹੈ ਤੇ ਨਾ ਜਾਂਦਾ ਹੈ (ਜੰਮਦਾ ਮਰਦਾ ਨਹੀਂ। ਉਸ ਦਾ) ਸੇਵਕ ਹਰ ਰੋਜ ਉਸ ਦੀ ਸੇਵਾ ਕਰਦਾ ਹੈ ਅਤੇ ਸੱਚੇ ਹਰੀ ਦੇ ਗੁਣ ਗਾਉਂਦਾ ਹੈ। ਸੱਚੇ ਹਰੀ ਦੀ ਵਡਿਆਈ ਦੇਖ ਕੇ ਨਾਨਕ ਖੁਸ਼ ਹੋ ਰਿਹਾ ਹੈ।੨।

ਪਦਾਰਥ = ਮੁਆ–ਮਰ ਰਿਹਾ ਹੈ। ਦੂਜੈ ਭਾਇ–ਰੱਬ ਦੇ ਪ੍ਰੇਮ ਤੋਂ ਬਿਨਾ ਕਿਸੇ ਹੋਰ ਦੇ ਪ੍ਰੇਮ ਵਿਚ। ਅਤਿ–ਬਹੁਤ। ਵਿਸਟਾ–ਗੰਦ (ਗੂੰਹ) । ਫਿਰਿ ਫਿਰਿ–ਮੁੜ ਮੁੜ ਕੇ। ਮਾਰਸੀ–ਮਾਰੇਗਾ (ਸਜਾ ਦੇਵੇਗਾ)। ਅੰਤਿ–ਅੰਤ ਸਮੇਂ।੧। ਪੁਰਖੁ–ਅਕਾਲ ਪੁਰਖ (ਸਰਬ ਵਿਆਪਕ ਹੋਣ ਕਰਕੇ ਸਭ ਜੀਵਾਂ ਦੀ ਆਤਮਾ ਨੂੰ ਭੋਗਦਾ ਹੈ, ਇਸ ਲਈ ਉਹ ਸਭ ਦਾ ਪਤੀ ਹੈ, ਸਾਰੇ ਜੀਵ ਉਸ ਦੀਆਂ ਇਸਤ੍ਰੀਆਂ ਹਨ)। ਸਗਲੀ–ਸਾਰੀ ਸ੍ਰਿਸਟੀ। ਨਾਰਿ–ਇਸਤ੍ਰੀਆਂ। ਘਟ–ਸਰੀਰ। ਭੋਗਵੈ–ਭੋਗਦਾ ਹੈ (ਅਨੰਦ ਮਾਣਦਾ ਹੈ)। ਅਲਿਪਤੁ–ਨਿਰਲੇਪ; ਵੱਖਰਾ। ਅਲਖੁ–(ਅਲੱਖ ਬੋਲੋ) ਅਦ੍ਰਿਸਟ; ਮਨ ਤੇ ਬੁੱਧੀ ਦੀ ਸਮਝ ਤੋਂ ਪਰੇ ਪ੍ਰਭੂ। ਨ ਲਖਿਆ ਜਾਈ–ਸਮਝਿਆ ਨਹੀਂ ਜਾ ਸਕਦਾ। ਗੁਰਿ–ਗੁਰੂ ਨੇ। ਸਬਦੇ–ਸ਼ਬਦ ਦੁਆਰਾ। ਪੁਰਖੈ–ਅਕਾਲ ਪੁਰਖ ਨੂੰ। ਸੇਵਹਿ–ਸਿਮਰਦੇ ਹਨ। ਸੇ–ਉਹ। ਜਿਨੀ–ਜਿਨ੍ਹਾਂ ਨੇ। ਜਲਾਈ–ਜਲਾ ਦਿਤੀ। ਸਰੀਕੁ–ਹਿੱਸੇਦਾਰ; ਬਰਾਬਰੀ ਕਰਨ ਵਾਲਾ। ਕੋ–ਕੋਈ। ਕੰਟਕੁ–ਕੰਡੇ ਵਾਂਗ ਚੁਭਣ ਵਾਲਾ; ਦੁਖ ਦੇਣ ਵਾਲਾ। ਵੈਰਾਈ–ਬੈਰੀ। ਨਿਹਚਲੁ–ਅਚੱਲ (ਸਦਾ ਕਾਇਮ ਰਹਿਣ ਵਾਲਾ)। ਕੇਰਾ–ਦਾ। ਵਿਗਸਿਆ–ਖੁਸ਼ ਹੋ ਰਿਹਾ ਹੈ।੨।

ਪੁਰਖੁ ਏਕੁ = ਉਹ ਪੁਰਖ ਜੋ ਕੇਵਲ ਇਕ ਹੈ, ਉਸ ਵਰਗਾ ਹੋਰ ਕੋਈ ਪੁਰਖ ਨਹੀਂ। ਇਸੇ ਨਰ ਹਸਤੀ ਪ੍ਰਤੀ ਗੁਰਬਾਣੀ ਵਿਚ ਕਰਤਾ ਪੁਰਖ ਤੇ ਅਕਾਲ ਪੁਰਖ ਪਦ ਵਰਤੇ ਮਿਲਦੇ ਹਨ। ਮਾਇਆ ਰਹਿਤ ਸਰਬ ਵਿਆਪਕ ਉਹ ਨਰ ਹਸਤੀ ਇਕ ਹੈ। ਗੁਰੂ ਜੀ ਨੇ ਹੋਰ

ਸਭ ਹਸਤੀਆਂ ਨੂੰ ਇਸ ਸਲੋਕ ਵਿਚ ਨਾਰਿ ਕਿਹਾ ਹੈ। ਗੁਰਬਾਣੀ ਵਿਚ ਮਾਇਆ ਨੂੰ ਵੀ ਇਸਤ੍ਰੀ ਕਿਹਾ ਹੈ, ਇਸਤ੍ਰੀ ਦੀ ਸੇਵਾ ਕਰਨ ਵਾਲਾ ਮਨੁਖੱ ਇਸਤ੍ਰੀ ਦਾ ਰੂਪ ਹੀ ਬਣੇਗਾ। ਜੇ ਕੋਈ ਮਨੁੱਖ ਇਕ ਪੁਰਖ ਹਸਤੀ ਨੂੰ ਛਡ ਕੇ ਕਿਸੇ ਦੇਵੀ ਦੇਵਤੇ ਜਾਂ ਮਾਇਆ ਆਦਿ ਨੂੰ ਸੇਵੇਗਾ ਤਾਂ ਉਹ ਜਨਮ ਮਰਨ ਦੇ ਗੇੜ ਵਿਚ ਪਵੇਗਾ। ਕਰਤਾ ਪੁਰਖ ਜਨਮ ਮਰਨ ਤੋਂ ਰਹਿਤ ਹੈ, ਉਸ ਦੀ ਸੇਵਾ ਕਰਨ ਵਾਲਾ ਮਨੁੱਖ ਵੀ ਜਨਮ ਮਰਨ ਦੇ ਗੇੜ ਤੋਂ ਬਚ ਜਾਏਗਾ। ਸਾਰੇ ਜਗਤ, ਦੇਵੀ ਦੇਵਤੇ ਤੇ ਮਾਇਆ ਆਦਿ ਸਭ ਨੂੰ ਪੈਦਾ ਕਰਨ ਵਾਲਾ ਕਰਤਾ ਪੁਰਖ ਹੈ। {ਜੈਸਾ ਸੇਵੈ ਤੈਸੋ ਹੋਇ ੨੨੩} ਦੇ ਮਹਾਂ ਵਾਕ ਅਨੁਸਾਰ ਜੇ ਕੋਈ ਮਨੁੱਖ ਪੁਰਖ ਨੂੰ ਸੇਵਨ ਕਰੇਗਾ ਤਾਂ ਉਹ ਵੀ ਉਸ ਪੁਰਖ ਦਾ ਰੂਪ ਹੋ ਜਾਵੇਗਾ। ਪੁਰਖ ਦਾ ਅਰਥ ਵਿਆਪਕ ਵੀ ਹੈ, ਉਹ ਕਰਤਾ ਪੁਰਖ ਸਭ ਦੇ ਅੰਦਰ ਵਸਦਾ ਸਭ ਨੂੰ ਭੋਗਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ। ਇਸੇ ਕਰਕੇ ਉਸ ਨੂੰ ਮਨ ਬੁੱਧੀ ਦੀ ਸਮਝ ਤੋਂ ਪਰੇ ਦਸਿਆ ਹੈ।

ਪਉੜੀ ॥ ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ, ਹਰਿ ਨਾਮੋ ਤਿਨ ਕੰਉ ਰਖਣਹਾਰਾ ॥ ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ, ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥ ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ, ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥ ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ, ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥ ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ, ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥ ਜਿਨ੍ਹਾਂ ਪੁਰਖਾਂ ਦੇ ਹਿਰਦੇ ਵਿਚ ਸਦਾ ਲਈ ਹਰੀ ਦਾ ਨਾਮ ਵਸਿਆ ਹੈ, ਹਰੀ ਦਾ ਨਾਮ ਹੀ ਉਨ੍ਹਾਂ ਨੂੰ (ਹਰ ਥਾਂ) ਬਚਾਉਣ ਵਾਲਾ ਹੈ। (ਉਨ੍ਹਾਂ ਦਾ ਨਿਸਚਾ ਹੈ ਕਿ) ਹਰੀ ਦਾ ਨਾਮ ਹੀ ਸਾਡਾ ਪਿਤਾ ਹੈ, ਹਰੀ ਦਾ ਨਾਮ ਹੀ ਮਾਤਾ ਹੈ ਅਤੇ ਹਰੀ ਦਾ ਨਾਮ ਹੀ ਸਹਾਇਤਾ ਕਰਨ ਵਾਲਾ ਮਿਤ੍ਰ ਹੈ। ਹਰੀ ਦੇ ਨਾਮ ਨਾਲ ਗੱਲਾਂ ਬਾਤਾਂ ਹੁੰਦੀਆਂ ਹਨ ਤੇ ਹਰੀ ਦੇ ਨਾਮ ਨਾਲ ਹੀ ਸਲਾਹ ਮਸ਼ਵਰਾ ਹੁੰਦਾ ਹੈ, ਹਰੀ ਦਾ ਨਾਮ ਹੀ ਸਾਡੀ ਨਿਤ ਸੰਭਾਲ ਕਰਦਾ ਹੈ। ਹਰੀ ਦਾ ਨਾਮ ਹੀ ਸਾਡੀ ਅਤੀ ਪਿਆਰੀ ਸੰਗਤ ਹੈ, ਹਰੀ ਦਾ ਨਾਮ ਹੀ ਸਾਡੀ ਕੁਲ ਤੇ ਸਾਡਾ ਪ੍ਰਵਾਰ ਹੈ। ਦਾਸ ਨਾਨਕ ਨੂੰ ਹਰੀ ਸਰੂਪ ਗੁਰੂ ਨੇ ਹਰੀ ਦਾ ਨਾਮ ਦਿਤਾ ਹੈ, (ਜਿਹੜਾ) ਹਰੀ ਲੋਕ ਪ੍ਰਲੋਕ ਵਿਚ (ਜੀਵਾਂ ਦਾ) ਸਦਾ ਪਾਰ ਉਤਾਰਾ ਕਰਦਾ ਹੈ।੧੫।

ਪਦਾਰਥ = ਸਦ–ਸਦਾ। ਹਿਰਦੈ–ਹਿਰਦੇ ਵਿਚ। ਤਿਨ ਕੰਉ–ਉਨ੍ਹਾਂ ਨੂੰ। ਸਖਾਈ–ਸਹਾਇਤਾ ਕਰਨ ਵਾਲਾ। ਹਮਾਰਾ–ਸਾਡਾ। ਗਲਾ–ਗੱਲਾਂ ਬਾਤਾਂ। ਮਸਲਤਿ–ਸਲਾਹ। ਨਿਤ–ਹਰ ਰੋਜ। ਸਾਰ–ਸੰਭਾਲ। ਅਤਿ–ਬਹੁਤ। ਕੁਲੁ–ਵੰਸ਼ (ਖਾਨਦਾਨ)। ਜਨ ਨਾਨਕ–ਦਾਸ ਨਾਨਕ। ਹਲਤਿ–ਇਸ ਲੋਕ ਵਿਚ। ਪਲਤਿ–ਪ੍ਰਲੋਕ ਵਿਚ। ਨਿਸਤਾਰਾ–ਪਾਰ ਉਤਾਰਾ।੧੫।

ਸਲੋਕੁ ਮਃ ੩ ॥ ਜਿਨ ਕੰਉ ਸਤਿਗੁਰੁ ਭੇਟਿਆ, ਸੇ ਹਰਿ ਕੀਰਤਿ ਸਦਾ ਕਮਾਹਿ ॥ ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ, ਸਚੈ ਸਬਦਿ ਸਮਾਹਿ ॥ ਕੁਲੁ ਉਧਾਰਹਿ ਆਪਣਾ, ਮੋਖ ਪਦਵੀ ਆਪੇ ਪਾਹਿ ॥ ਪਾਰਬ੍ਰਹਮੁ ਤਿਨ ਕੰਉ ਸੰਤੁਸਟੁ ਭਇਆ, ਜੋ ਗੁਰ ਚਰਨੀ ਜਨ ਪਾਹਿ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ, ਕਰਿ ਕਿਰਪਾ ਹਰਿ ਲਾਜ ਰਖਾਹਿ ॥੧॥ ਜਿਨ੍ਹਾਂ ਪੁਰਖਾਂ ਨੂੰ ਸਤਿਗੁਰੂ ਮਿਲ ਪਿਆ ਹੈ, ਉਹ ਸਦਾ ਹਰੀ ਦਾ ਕੀਰਤਨ ਕਰਦੇ ਹਨ। ਚਿੰਤਾ ਕੀਤੇ ਬਿਨਾ ਹੀ ਹਰੀ ਦਾ ਨਾਮ ਉਨ੍ਹਾਂ ਦੇ ਮਨ ਵਿਚ ਵਸ ਗਿਆ ਹੈ ਅਤੇ ਉਹ ਸਚੇ ਸਬਦ ਲੀਨ ਰਹਿੰਦੇ ਹਨ। ਉਹ ਅਪਣੇ ਖਾਨਦਾਨ ਨੂੰ (ਸੰਸਾਰ ਸਮੁੰਦਰ ਤੋਂ) ਤਾਰ ਲੈਂਦੇ ਹਨ ਅਤੇ ਆਪ ਵੀ ਮੁਕਤ ਪਦ ਪ੍ਰਾਪਤ ਕਰ ਲੈਂਦੇ ਹਨ। ਜੋ ਮਨੁੱਖ ਗੁਰੂ ਦੇ ਚਰਨੀ ਪੈਂਦੇ ਹਨ, ਪ੍ਰਭੂ ਉਨ੍ਹਾਂ ਤੇ ਪ੍ਰਸੰਨ ਹੋਇਆ ਹੈ। ਦਾਸ ਨਾਨਕ (ਉਸ) ਹਰੀ ਦਾ ਦਾਸ ਹੈ, ਜਿਹੜਾ ਹਰੀ ਕ੍ਰਿਪਾ ਕਰਕੇ (ਅਪਣੇ ਦਾਸਾਂ ਦੀ) ਲਾਜ ਰਖਦਾ ਆਇਆ ਹੈ।੧।

ਮਃ ੩ ॥ ਹੰਉਮੈ ਅੰਦਰਿ ਖੜਕੁ ਹੈ, ਖੜਕੇ ਖੜਕਿ ਵਿਹਾਇ ॥ ਹੰਉਮੈ ਵਡਾ ਰੋਗੁ ਹੈ, ਮਰਿ ਜੰਮੈ ਆਵੈ ਜਾਇ ॥ ਜਿਨ ਕਉ ਪੂਰਬਿ ਲਿਖਿਆ, ਤਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥ ਨਾਨਕ ਗੁਰ ਪਰਸਾਦੀ ਉਬਰੇ, ਹਉਮੈ ਸਬਦਿ ਜਲਾਇ ॥੨॥ (ਹੇ ਭਾਈ) ਹਉਮੈ ਅੰਦਰ ਸਦਾ ਡਰ ਬਣਿਆ ਰਹਿੰਦਾ ਹੈ, ਡਰ ਕਰਕੇ (ਜੀਵਨ) ਡਰ ਵਿਚ ਹੀ ਬੀਤ ਜਾਂਦਾ ਹੈ। ਹਉਮੈ ਵੱਡਾ ਰੋਗ ਹੈ, (ਹਉਮੈ ਕਰਕੇ ਮਨੁੱਖ) ਜੰਮਦਾ ਮਰਦਾ ਆਉਂਦਾ ਜਾਂਦਾ ਰਹਿੰਦਾ ਹੈ। ਜਿਨ੍ਹਾਂ ਮਨੁੱਖਾਂ ਨੂੰ ਭਾਗਾਂ ਵਿਚ ਪਹਿਲਾਂ ਤੋਂ ਲਿਖਿਆ ਹੁੰਦਾ ਹੈ, ਉਨ੍ਹਾਂ ਨੂੰ ਪ੍ਰਭੂ ਸਰੂਪ ਸਤਿਗੁਰੂ ਆ ਮਿਲਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਗੁਰੂ ਦੀ ਕਿਰਪਾ ਨਾਲ ਸ਼ਬਦ ਦੁਆਰਾ ਹਉਮੈ ਜਲਾ ਕੇ (ਜਨਮ ਮਰਨ ਦੇ ਗੇੜ ਤੋਂ) ਬਚ ਗਏ ਹਨ।੨।

ਪਦਾਰਥ = ਜਿਨ ਕੰਉ–ਜਿਨ੍ਹਾਂ ਨੂੰ। ਭੇਟਿਆ–ਮਿਲਿਆ ਹੈ। ਸੇ–ਉਹ। ਕੀਰਤਿ–ਸਿਫਤ ਸਲਾਹ। ਕਮਾਹਿ–ਕਰਦੇ ਹਨ। ਅਚਿੰਤ–ਚਿੰਤਾ ਕੀਤੇ ਬਿਨਾ; ਅਚਾਨਕ (ਜਤਨ ਕੀਤੇ ਬਿਨਾ)। ਮਨਿ–ਮਨ ਵਿਚ। ਸਮਾਹਿ–ਲੀਨ ਰਹਿੰਦੇ ਹਨ। ਕੁਲੁ–ਖਾਨਦਾਨ। ਉਧਾਰਹਿ–ਤਾਰ ਲੈਂਦੇ ਹਨ। ਮੋਖ ਪਦਵੀ–ਮੁਕਤ ਪਦ। ਪਾਹਿ–ਪ੍ਰਾਪਤ ਕਰ ਲੈਂਦੇ ਹਨ। ਤਿਨ ਕੰਉ–ਉਨ੍ਹਾ ਉਤੇ। ਸੰਤੁਸਟੁ–ਪ੍ਰਸੰਨ। ਭਇਆ–ਹੋਇਆ। ਜਨ–ਮਨੁੱਖ। ਪਾਹਿ–ਪੈਂਦੇ ਹਨ। ਲਾਜ–ਪੈਜ; ਇੱਜਤ।੧। ਖੜਕੁ–ਡਰ; ਸ਼ੋਰ ਸ਼ਰਾਬਾ; ਮਨ ਦੀ ਬੇਚੈਨੀ। ਖੜਕੇ ਖੜਕਿ–ਡਰ; ਬੇਚੈਨੀ ਕਰਕੇ

ਬੇਚੈਨੀ ਵਿਚ। ਵਿਹਾਇ–ਬੀਤ ਜਾਂਦੀ ਹੈ। ਪੂਰਬਿ–ਪਹਿਲਾਂ ਤੋਂ; ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਫਲ ਅਨੁਸਾਰ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਉਬਰੇ–ਬਚ ਗਏ। ਸਬਦਿ–ਸ਼ਬਦ ਦੁਆਰਾ। ਜਲਾਇ–ਜਲਾ ਕੇ।੨।

ਪਉੜੀ ॥ ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ,ਅਬਿਨਾਸੀ ਪੁਰਖੁ ਬਿਧਾਤਾ ॥ ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ, ਹਰਿ ਨਾਮੇ ਹੀ ਮਨੁ ਰਾਤਾ ॥ ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ, ਹਰਿ ਨਾਮੋ ਅੰਤਿ ਛਡਾਤਾ ॥ ਹਰਿ ਨਾਮੁ ਦੀਆ ਗੁਰਿ ਪਰਉਪਕਾਰੀ, ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥ ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ, ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥੧੯॥ ਹਰੀ ਦਾ ਨਾਮ ਸਾਡਾ ਪ੍ਰਭੂ ਹੈ, ਜੋ ਅਵਿਅਕਤ (ਨਿਰਾਕਾਰ), ਇੰਦ੍ਰੀਆਂ ਦੀ ਪਹੁੰਚ ਤੋਂ ਪਰੇ, ਨਾਸ਼ ਰਹਿਤ ਤੇ ਰਚਨਹਾਰ ਪੁਰਖ ਹੈ। ਅਸੀਂ ਹਰੀ ਦੇ ਨਾਮ ਦੀ ਸੇਵਾ ਕਰਦੇ ਹਾਂ, ਹਰੀ ਦੇ ਨਾਮ ਨੂੰ ਪੂਜਦੇ ਹਾਂ ਤੇ ਸਾਡਾ ਮਨ ਹਰੀ ਦੇ ਨਾਮ ਵਿਚ ਮਗਨ ਰਹਿੰਦਾ ਹੈ। ਹਰੀ ਦੇ ਨਾਮ ਜਿਤਨਾ ਵੱਡਾ ਮੈਨੂੰ ਹੋਰ ਕੋਈ ਨਹੀਂ ਸੁੱਝਦਾ, ਅੰਤ ਵੇਲੇ ਹਰੀ ਦਾ ਨਾਮ ਹੀ ਛਡਾਉਂਦਾ (ਮੁਕਤੀ ਦੇਂਦਾ) ਹੈ। (ਸਾਨੂੰ ਜਿਸ) ਪਰਉਪਕਾਰੀ ਗੁਰੂ ਨੇ ਹਰੀ ਦਾ ਨਾਮ ਦਿਤਾ ਹੈ, (ਉਸ) ਗੁਰੂ ਦਾ ਪਿਤਾ ਧੰਨ ਹੈ ਤੇ ਮਾਤਾ ਵੀ ਧੰਨ ਹੈ। ਮੈਂ ਅਪਣੇ ਸਤਿਗੁਰੂ ਨੂੰ ਸਦਾ ਨਮਸ਼ਕਾਰ ਕਰਦਾ ਹਾਂ, ਜਿਸ ਗੁਰੂ ਦੇ ਮਿਲਣ ਨਾਲ ਮੈਂ ਹਰੀ ਦੇ ਨਾਮ ਨੂੰ ਜਾਣਿਆ ਹੈ।੧੯।

ਪਦਾਰਥ = ਹਮਾਰਾ–ਸਾਡਾ। ਅਬਿਗਤੁ–ਅਵਿਅਕਤ (ਨਿਰਾਕਾਰ); ਜੋ ਜਾਣਿਆ ਨ ਜਾ ਸਕੇ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ; ਜੋ ਪ੍ਰਤੱਖ ਨਜਰ ਨਾ ਆਵੇ। ਅਬਿਨਾਸੀ–ਨਾਸ਼ ਰਹਿਤ। ਪੁਰਖੁ–ਸਰਬ ਵਿਆਪਕ ਪ੍ਰਭੂ। ਬਿਧਾਤਾ–ਰਚਨਹਾਰ; ਕਰਮ ਫਲ ਪ੍ਰਦਾਤਾ। ਹਮ–ਅਸੀਂ। ਸ੍ਰੇਵਹ–ਸੇਵਾ ਕਰਦੇ ਹਾਂ। ਰਾਤਾ–ਮਗਨ ਰਹਿੰਦਾ ਹੈ। ਜੇਵਡੁ–ਜਿਤਨਾ ਵੱਡਾ। ਅਵਰੁ–ਹੋਰ। ਨ ਸੂਝੈ–ਨਹੀਂ ਸੁਝਦਾ। ਅੰਤਿ–ਅੰਤ ਵੇਲੇ। ਛਡਾਤਾ–ਛਡਾਉਂਦਾ ਹੈ। ਗੁਰਿ–ਗੁਰੂ ਨੇ। ਹੰਉ–ਮੈਂ। ਕੰਉ–ਨੂੰ। ਜਾਤਾ–ਜਾਣਿਆ ਹੈ।੧੯।

ਸਲੋਕੁ ਮਃ ੩ ॥ ਗੁਰਮੁਖਿ ਸੇਵ ਨ ਕੀਨੀਆ, ਹਰਿ ਨਾਮਿ ਨ ਲਗੋ ਪਿਆਰੁ ॥ ਸਬਦੈ ਸਾਦੁ ਨ ਆਇਓ, ਮਰਿ ਜਨਮੈ ਵਾਰੋ ਵਾਰ ॥ ਮਨਮੁਖਿ ਅੰਧੁ ਨ ਚੇਤਈ, ਕਿਤੁ ਆਇਆ ਸੈਸਾਰਿ ॥ ਨਾਨਕ ਜਿਨ ਕਉ ਨਦਰਿ ਕਰੇ, ਸੇ ਗੁਰਮੁਖਿ ਲੰਘੇ ਪਾਰਿ ॥੧॥ (ਹੇ ਭਾਈ! ਜਿਸ ਮਨੁੱਖ ਨੇ) ਮੁਖੀ ਗੁਰੂ ਦੀ ਸੇਵਾ ਨਹੀਂ ਕੀਤੀ ਅਤੇ (ਜਿਸ ਦਾ) ਹਰੀ ਦੇ ਨਾਮ ਵਿਚ ਪਿਆਰ ਨਹੀਂ ਲੱਗਾ। (ਜਿਸ ਨੂੰ ਗੁਰੂ ਦੇ) ਸ਼ਬਦ ਦਾ ਅਨੰਦ ਨਹੀਂ ਆਇਆ, (ਉਹ ਮਨੁੱਖ) ਵਾਰ ਵਾਰ ਜੰਮਦਾ ਮਰਦਾ ਰਹਿੰਦਾ ਹੈ। ਮਨਮੁਖ ਅੰਨ੍ਹਾ (ਅਗਿਆਨੀ, ਪ੍ਰਭੂ ਨੂੰ) ਯਾਦ ਨਹੀਂ ਕਰਦਾ, (ਉਹ) ਸੰਸਾਰ ਵਿਚ ਕਿਸ ਵਾਸਤੇ ਆਇਆ ਹੈ? ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖਾਂ ਉਤੇ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, ਉਹ ਗੁਰੂ ਦੁਆਰਾ (ਭਵਜਲ ਤੋਂ) ਪਾਰ ਲੰਘ ਜਾਂਦੇ ਹਨ।੧।

ਮਃ ੩ ॥ ਇਕੋ ਸਤਿਗੁਰੁ ਜਾਗਤਾ, ਹੋਰੁ ਜਗੁ ਸੂਤਾ ਮੋਹਿ ਪਿਆਸਿ ॥ ਸਤਿਗੁਰੁ ਸੇਵਨਿ ਜਾਗੰਨਿ ਸੇ, ਜੋ ਰਤੇ ਸਚਿ ਨਾਮਿ ਗੁਣ ਤਾਸਿ ॥ ਇਕ ਸਤਿਗੁਰੂ ਹੀ ਜਾਗਦਾ ਹੈ, ਹੋਰ ਸਾਰਾ ਜਗਤ ਮਾਇਆ ਦੇ ਮੋਹ ਵਿਚ ਤੇ ਪਦਾਰਥਾਂ ਦੀ ਤ੍ਰਿਸ਼ਨਾ ਵਿਚ ਸੁੱਤਾ ਪਿਆ ਹੈ। (ਜੋ ਮਨੁੱਖ) ਸਤਿਗੁਰੂ ਦੀ ਸੇਵਾ ਕਰਦੇ ਹਨ ਤੇ ਜੋ ਗੁਣਾਂ ਦੇ ਖਜਾਨੇ ਪ੍ਰਭੂ ਦੇ ਸੱਚੇ ਨਾਮ ਵਿਚ ਰੰਗੇ ਹੋਏ ਹਨ, ਉਹ ਜਾਗਦੇ ਹਨ।

ਅੰਗ ੫੯੩ = ਮਨਮੁਖਿ ਅੰਧ ਨ ਚੇਤਨੀ, ਜਨਮਿ ਮਰਿ ਹੋਹਿ ਬਿਨਾਸਿ ॥ ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ, ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨॥ (ਪਰ) ਅੰਨ੍ਹੇ ਮਨਮੁਖ ਪ੍ਰਭੂ ਨੂੰ ਯਾਦ ਨਹੀਂ ਕਰਦੇ, ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਨਾਸ਼ ਹੁੰਦੇ ਰਹਿੰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਮਨੁੱਖਾਂ ਨੇ ਗੁਰੂ ਦੁਆਰਾ ਨਾਮ ਸਿਮਰਿਆ ਹੈ, ਜਿਨ੍ਹਾਂ ਦੇ ਮੱਥੇ ਤੇ ਧੁਰੋਂ (ਹਰੀ ਦੀ ਹਜੂਰੀ ਵਿਚੋਂ) ਪਹਿਲਾਂ ਤੋਂ ਹੀ (ਨਾਮ ਸਿਮਰਨ ਦਾ ਲੇਖ) ਲਿਖਿਆ ਹੁੰਦਾ ਹੈ।੨।

ਪਦਾਰਥ = ਗੁਰਮੁਖਿ–ਮੁਖੀ ਗੁਰੂ ਦੀ। ਨ ਕੀਨੀਆ–ਨਹੀਂ ਕੀਤੀ। ਸਾਦੁ–ਰਸ; ਅਨੰਦ। ਅੰਧੁ–ਅੰਨ੍ਹਾ (ਅਗਿਆਨੀ)। ਨ ਚੇਤਈ–ਯਾਦ ਨਹੀਂ ਕਰਦਾ। ਕਿਤੁ–ਕਿਸ ਲਈ। ਸੈਸਾਰਿ–ਸੰਸਾਰ ਵਿਚ। ਨਦਰਿ–ਮੇਹਰ ਦੀ ਨਜਰ। ਸੇ–ਉਹ।੧। ਮੋਹਿ–ਮੋਹ ਵਿਚ। ਪਿਆਸਿ–ਤ੍ਰਿਸ਼ਨਾ ਵਿਚ; ਇੱਛਾ ਵਿਚ। ਰਤੇ–ਰੰਗੇ ਹੋਏ ਹਨ। ਸਚਿ ਨਾਮਿ–ਸੱਚੇ ਨਾਮ ਵਿਚ। ਗੁਣ ਤਾਸਿ–ਗੁਣਾਂ ਦੇ ਖਜਾਨੇ ਪ੍ਰਭੂ ਵਿਚ। ਨ ਚੇਤਨੀ –ਯਾਦ ਨਹੀਂ ਕਰਦੇ। ਹੋਹਿ ਬਿਨਾਸਿ–ਨਾਸ਼ ਹੁੰਦੇ ਹਨ। ਤਿਨੀ–ਉਨ੍ਹਾਂ ਨੇ। ਧੁਰਿ–ਧੁਰ ਤੋਂ। ਪੂਰਬਿ–ਪਹਿਲਾਂ ਤੋਂ।੨।

ਪਉੜੀ ॥ ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ, ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥ ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹਿ, ਹੋਰ ਪੈਨਣ ਕੀ ਹਮਾਰੀ ਸਰਧ ਗਈ ॥ ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ,ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ ॥ ਹਰਿ ਨਾਮੈ ਕਾ ਹਮ ਲੇਖਾ ਲਿਖਿਆ, ਸਭ ਜਮ ਕੀ ਅਗਲੀ ਕਾਣਿ ਗਈ ॥ ਹਰਿ ਕਾ ਨਾਮੁ ਗੁਰ ਮੁਖਿ ਕਿਨੈ ਵਿਰਲੈ ਧਿਆਇਆ, ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ ॥੨੦॥ (ਹੇ ਭਾਈ!) ਹਰੀ ਦਾ ਨਾਮ ਹੀ ਸਾਡਾ ਛੱਤੀ ਪ੍ਰਕਾਰ ਦਾ ਭੋਜਨ ਹੈ, ਜਿਸ ਦੇ ਖਾਣ ਨਾਲ ਸਾਨੂੰ ਤ੍ਰਿਪਤੀ ਹੋ ਗਈ ਹੈ (ਮਨ ਤੇ ਤਨ ਰੱਜ ਗਿਆ ਹੈ)। ਹਰੀ ਦਾ ਨਾਮ ਹੀ ਸਾਡੀ

ਪੁਸ਼ਾਕ ਹੈ, ਜਿਸ ਦੇ ਪਹਿਨਣ ਨਾਲ ਮੁੜ ਕਦੇ ਨੰਗੇ (ਬੇਇੱਜਤ) ਨਹੀਂ ਹੋਵਾਂਗੇ, ਹੋਰ (ਸੁੰਦਰ ਕਪੜੇ) ਪਹਿਨਣ ਦੀ ਸਾਡੀ ਇੱਛਾ ਦੂਰ ਹੋ ਗਈ ਹੈ। ਹਰੀ ਦਾ ਨਾਮ ਸਾਡਾ ਵਣਜ (ਖ਼੍ਰੀਦਦਾਰੀ) ਹੈ ਤੇ ਹਰੀ ਦਾ ਨਾਮ ਹੀ ਸਾਡਾ ਵਪਾਰ (ਹੋਰਨਾਂ ਨੂੰ ਦੇਣਾ) ਹੈ, ਸਤਿਗੁਰੂ ਨੇ ਸਾਨੂੰ ਹਰੀ ਦੇ ਨਾਮ ਦੀ ਮੁਖਤਿਆਰੀ ਦਿਤੀ ਹੈ। ਹਰੀ ਦੇ ਨਾਮ ਦਾ ਹੀ ਅਸੀਂ ਲੇਖਾ ਲਿਖਿਆ ਹੈ, (ਜਿਸ ਲੇਖੇ ਕਰਕੇ) ਪ੍ਰਲੋਕ ਵਿਚ ਜਮ ਦੀ ਸਾਰੀ ਗੁਲਾਮੀ ਦੂਰ ਹੋ ਗਈ। ਕਿਸੇ ਵਿਰਲੇ ਮਨੁੱਖ ਨੇ ਗੁਰੂ ਦੁਆਰਾ ਹਰੀ ਦਾ ਨਾਮ ਧਿਆਇਆ ਹੈ, ਜਿਨ੍ਹਾਂ ਨੂੰ ਧੁਰ ਤੋਂ ਹਰੀ ਦੀ ਮੇਹਰ ਨਾਲ (ਮੱਥੇ ਉਤੇ ਨਾਮ ਸਿਮਰਨ ਦੀ) ਲਿਖਤ ਲਿਖੀ ਪਈ ਸੀ।੧੭।

ਪਦਾਰਥ = ਛਤੀਹ ਪਰਕਾਰ-ਖੱਟੇ, ਮਿੱਠੇ, ਸਲੂਣੇ, ਕਸੈਲੇ ਆਦਿ ਅਨੇਕਾਂ ਪ੍ਰਕਾਰ ਦੇ ਭੋਜਨ। ਤ੍ਰਿਪਤਿ-ਰੱਜ। ਭਈ-ਹੋਈ। ਪੈਨਣੁ-ਪੁਸ਼ਾਕ। ਫਿਰਿ-ਮੁੜ ਕੇ। ਸਰਧ-ਇੱਛਾ। ਵਣਜ-ਖ਼੍ਰੀਦਦਾਰੀ (ਆਪ ਜਪਣਾ)। ਵਾਪਾਰੁ-ਹੋਰਨਾਂ ਨੂੰ ਜਪਾਉਣਾ। ਕਾਰਕੁਨੀ-(ਕਾਰਕੁਨ ਤੋਂ ਕਾਰਕੁਨੀ) ਮੁਖਤਿਆਰੀ; ਏਜੰਸੀ; ਅਪਣੇ ਬਰਾਬਰ ਕੰਮ ਕਰਨ ਦੀ ਆਗਿਆ। ਦੀਈ-ਦਿਤੀ। ਅਗਲੀ-ਅੱਗੇ (ਪ੍ਰਲੋਕ) ਦੀ। ਕਾਣਿ -ਗੁਲਾਮੀ; ਖੁਸ਼ਾਮਦ। ਕਿਨੈ ਵਿਰਲੈ-ਕਿਸੇ ਵਿਰਲੇ ਨੇ। ਧੁਰਿ-ਧੁਰ (ਰੱਬ ਦੀ ਹਜੂਰੀ) ਤੋਂ। ਕਰਮਿ-ਮੇਹਰ ਨਾਲ; ਭਾਗਾਂ ਵਿਚ।੧੭।

ਸਲੋਕ ਮਃ ੩ ॥ ਜਗਤੁ ਅਗਿਆਨੀ ਅੰਧੁ ਹੈ, ਦੂਜੈ ਭਾਇ ਕਰਮ ਕਮਾਇ ॥ ਦੂਜੈ ਭਾਇ ਜੇਤੇ ਕਰਮ ਕਰੇ, ਦੁਖੁ ਲਗੈ ਤਨਿ ਧਾਇ ॥ ਗੁਰ ਪਰਸਾਦੀ ਸੁਖੁ ਊਪਜੈ, ਜਾ ਗੁਰ ਕਾ ਸਬਦੁ ਕਮਾਇ ॥ ਸਚੀ ਬਾਣੀ ਕਰਮ ਕਰੇ, ਅਨਦਿਨੁ ਨਾਮੁ ਧਿਆਇ ॥ ਨਾਨਕ ਜਿਤੁ ਆਪੇ ਲਾਏ ਤਿਤੁ ਲਗੇ, ਕਹਣਾ ਕਿਛੂ ਨ ਜਾਇ ॥੧॥ (ਹੇ ਭਾਈ!) ਗਿਆਨ ਹੀਣ ਜਗਤ ਅੰਨ੍ਹਾ ਹੈ, (ਕਿਉਂਕਿ) ਦੂਜੇ ਭਾਵ ਵਿਚ ਲਗ ਕੇ ਕਰਮ ਕਰਦਾ ਹੈ। ਦੂਜੇ ਭਾਵ ਵਿਚ ਲਗ ਕੇ ਜਿੰਨੇ ਵੀ ਕਰਮ ਕਰਦਾ ਹੈ, ਉਤਨੇ ਹੀ ਦੁਖ ਤਨ ਵਿਚ ਦੌੜ ਕੇ ਆ ਲਗਦੇ ਹਨ। ਜਦ (ਮਨੁੱਖ) ਗੁਰੂ ਦਾ ਸ਼ਬਦ ਕਮਾਵੇ, ਤਾਂ ਗੁਰੂ ਦੀ ਕ੍ਰਿਪਾ ਨਾਲ ਸੁਖ ਉਪਜਦਾ ਹੈ। (ਗੁਰੂ ਦੀ) ਸੱਚੀ ਬਾਣੀ ਦਾ ਪਾਠ ਪੜ੍ਹਨ ਰੂਪ ਕਰਮ ਕਰੇ ਅਤੇ ਹਰ ਰੋਜ ਹਰੀ ਦਾ ਨਾਮ ਧਿਆਵੇ (ਇਸ ਤਰ੍ਹਾਂ ਦੇ ਕਰਮ ਕਰੇ)। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਪਾਸੇ ਆਪੇ (ਹਰੀ ਜੀਵ ਨੂੰ) ਲਾਉਂਦਾ ਹੈ, (ਜੀਵ) ਉਸੇ ਪਾਸੇ ਲਗਦਾ ਹੈ, (ਇਸ ਬਾਰੇ ਹੋਰ) ਕੁਛ ਕਿਹਾ ਨਹੀਂ ਜਾ ਸਕਦਾ।੧।

ਮਃ ੩ ॥ ਹਮ ਘਰਿ ਨਾਮੁ ਖਜਾਨਾ ਸਦਾ ਹੈ, ਭਗਤਿ ਭਰੇ ਭੰਡਾਰਾ ॥ ਸਤਗੁਰੁ ਦਾਤਾ ਜੀਅ ਕਾ, ਸਦ ਜੀਵੈ ਦੇਵਣਹਾਰਾ ॥ ਅਨਦਿਨੁ ਕੀਰਤਨੁ ਸਦਾ ਕਰਹਿ, ਗੁਰ ਕੈ ਸਬਦਿ ਅਪਾਰਾ ॥ ਸਬਦੁ ਗੁਰੂ ਕਾ ਸਦ ਉਚਰਹਿ, ਜੁਗੁ ਜੁਗੁ ਵਰਤਾਵਣਹਾਰਾ ॥ ਇਹੁ ਮਨੂਆ ਸਦਾ ਸੁਖਿ ਵਸੈ, ਸਹਜੇ ਕਰੇ ਵਾਪਾਰਾ ॥ ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ, ਮੁਕਤਿ ਕਰਾਵਣਹਾਰਾ ॥ ਨਾਨਕ ਜਿਸਨੋ ਨਦਰਿ ਕਰੇ ਸੋ ਪਾਏ, ਸੋ ਹੋਵੈ ਦਰਿ ਸਚਿਆਰਾ ॥੨॥ (ਗੁਰੂ ਅਮਰਦਾਸ ਜੀ ਆਖਦੇ ਕਿ) ਸਾਡੇ ਹਿਰਦੇ ਘਰ ਵਿਚ ਨਾਮ ਰੂਪ ਖਜਾਨਾ ਸਦਾ ਵਸਦਾ ਹੈ ਅਤੇ ਭਗਤੀ ਦੇ ਭੰਡਾਰ ਭਰੇ ਹੋਏ ਹਨ। (ਆਤਮਕ) ਜੀਵਨ ਦੇਣ ਵਾਲਾ ਦਾਤਾ ਸਤਿਗੁਰੂ ਸਦਾ ਜਿਉਂਦਾ ਹੈ। (ਗੁਰਸਿੱਖ) ਗੁਰੂ ਦੇ ਸ਼ਬਦ ਦੁਆਰਾ ਪਾਰ ਰਹਿਤ ਪ੍ਰਭੂ ਦਾ ਹਰ ਰੋਜ ਕੀਰਤਨ ਕਰਦੇ ਹਨ। (ਉਹ) ਸਦਾ ਹੀ ਗੁਰੂ ਦਾ ਸ਼ਬਦ ਉਚਾਰਦੇ ਹਨ, (ਇਹ ਸ਼ਬਦ) ਹਰੇਕ ਜੁਗ ਵਿਚ (ਨਾਮ ਦੀ ਦਾਤ) ਵਰਤਾਉਣ ਵਾਲਾ ਹੈ। (ਉਨ੍ਹਾਂ ਦਾ) ਇਹ ਮਨ ਸਦਾ ਸੁਖ ਵਿਚ ਵਸਦਾ ਹੈ ਅਤੇ ਸੁਭਾਵਕ ਹੀ ਨਾਮ ਦਾ ਵਪਾਰ ਕਰਦੇ ਹਨ (ਆਪ ਜਪਦੇ ਹਨ ਤੇ ਹੋਰਨਾਂ ਨੂੰ ਜਪਾਉਂਦੇ ਹਨ। ਉਨ੍ਹਾਂ ਦੇ) ਹਿਰਦੇ ਅੰਦਰ ਗੁਰੂ ਦਾ ਬਖਸ਼ਿਆ ਹਰੀ ਦਾ ਗਿਆਨ ਰੂਪ ਰਤਨ ਹੈ, ਜੋ ਮੁਕਤੀ ਕਰਾਉਣ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਪੁਰਖ ਉਤੇ ਗੁਰੂ ਮੇਹਰ ਦੀ ਨਜਰ ਕਰਦਾ ਹੈ, ਉਹ (ਗਿਆਨ ਰੂਪ ਰਤਨ) ਪ੍ਰਾਪਤ ਕਰਦਾ ਹੈ ਅਤੇ ਉਹ ਪ੍ਰਭੂ ਦੇ ਦਰ ਤੇ ਸਚਿਆਰ ਹੁੰਦਾ ਹੈ।੨।

ਪਦਾਰਥ = ਅੰਧੁ-ਅੰਨ੍ਹਾ। ਦੂਜੈ ਭਾਇ-ਰੱਬ ਨੂੰ ਛਡ ਕੇ ਕਿਸੇ ਦੂਜੇ ਵਿਚ ਪਿਆਰ ਹੋਣਾ। ਜੇਤੇ-ਜਿਤਨੇ ਵੀ। ਤਨਿ-ਸਰੀਰ ਵਿਚ। ਧਾਇ -ਦੌੜ ਕੇ। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਜਾ-ਜਦ। ਅਨਦਿਨੁ-ਹਰ ਰੋਜ।੧। ਘਰਿ-ਹਿਰਦੇ ਵਿਚ। ਜੀਅ ਕਾ-ਆਤਮਕ ਜੀਵਨ ਦਾ। ਅਨਦਿਨੁ-ਹਰ ਰੋਜ; ਲਗਾਤਾਰ। ਅਪਾਰਾ-ਪਾਰ ਰਹਿਤ (ਬੇਅੰਤ) ਪ੍ਰਭੂ ਦਾ। ਸਹਜੇ-ਸੁਭਾਵਕ; ਸੁਤੇ ਸਿਧ। ਅੰਤਰਿ-ਹਿਰਦੇ ਅੰਦਰ। ਨਦਰਿ-ਮੇਹਰ ਦੀ ਨਜਰ। ਸੋ-ਉਹ। ਦਰਿ-ਰੱਬ ਦੇ ਦਰ ਤੇ। ਸਚਿਆਰਾ-ਸੱਚ ਸਰੂਪ।੨।

ਪਉੜੀ ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜੋ ਸਤਿਗੁਰ ਚਰਣੀ ਜਾਇ ਪਇਆ ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥ ਧੰਨੁ ਧੰਨੁ ਸੋ ਗੁਰ ਸਿਖੁ ਕਹੀਐ, ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥ ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ, ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮॥ ਉਹ ਗੁਰਸਿਖ ਧੰਨ ਧੰਨ ਕਹੀਦਾ ਹੈ, ਜੋ ਸਤਿਗੁਰੂ ਦੇ ਚਰਣੀ ਜਾ ਪਿਆ ਹੈ। ਉਹ ਗੁਰਸਿੱਖ ਧੰਨ ਧੰਨ ਕਹੀਦਾ ਹੈ, ਜਿਸ ਨੇ ਮੂੰਹ ਨਾਲ ਹਰੀ ਦਾ ਰਾਮ ਨਾਮ ਉਚਾਰਿਆ ਹੈ। ਉਹ ਗੁਰਸਿੱਖ ਧੰਨ ਧੰਨ ਕਹੀਦਾ ਹੈ, ਜਿਸ ਨੂੰ ਹਰੀ ਦਾ ਨਾਮ ਸੁਣਨ ਨਾਲ ਮਨ ਵਿਚ ਅਨੰਦ ਹੋਇਆ ਹੈ। ਉਹ ਗੁਰਸਿੱਖ ਧੰਨ ਧੰਨ ਕਹੀਦਾ ਹੈ, ਜਿਸ ਨੇ ਸਤਿਗੁਰੂ ਦੀ ਸੇਵਾ ਕਰਕੇ ਹਰੀ ਦਾ ਨਾਮ

ਪ੍ਰਾਪਤ ਕਰ ਲਿਆ ਹੈ। ਉਸ ਗੁਰਸਿੱਖ ਨੂੰ ਮੈਂ ਸਦਾ ਨਮਸ਼ਕਾਰ ਕਰਦਾ ਹਾਂ, ਜੋ ਗੁਰੂ ਦੇ ਭਾਣੇ ਵਿਚ ਗੁਰਸਿੱਖ ਤੁਰਿਆ ਹੈ।੧੮।
ਪਦਾਰਥ = ਸੋ-ਉਹ। ਮੁਖਿ-ਮੂੰਹ ਨਾਲ। ਭਇਆ-ਹੋਇਆ। ਕੰਉ-ਨੂੰ। ਹੰਉ-ਮੈਂ। ਭਾਣੈ-ਹੁਕਮ ਵਿਚ।੧੮।
ਸਲੋਕੁ ਮਃ ੩ ॥ ਮਨ ਹਠਿ ਕਿਨੈ ਨ ਪਾਇਓ, ਸਭ ਥਕੇ ਕਰਮ ਕਮਾਇ ॥ ਮਨ ਹਠਿ ਭੇਖ ਕਰਿ ਭਰਮਦੇ, ਦੁਖੁ ਪਾਇਆ ਦੂਜੈ ਭਾਇ ॥ ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ ॥ ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ, ਅਗਿਆਨੁ ਅੰਧੇਰਾ ਜਾਇ ॥ ਨਾਮੁ ਰਤਨੁ ਘਰਿ ਪਰਗਟੁ ਹੋਆ, ਨਾਨਕ ਸਹਜਿ ਸਮਾਇ ॥੧॥ (ਹੇ ਭਾਈ!) ਮਨ ਦੇ ਹਠ ਕਰਕੇ ਕਿਸੇ ਮਨੁੱਖ ਨੇ ਪ੍ਰਮਾਤਮਾ ਨੂੰ ਨਹੀਂ ਪਾਇਆ, ਸਾਰੇ (ਲੋਕ ਮਨ ਦੇ ਹਠ ਨਾਲ) ਕਰਮ ਕਰਦੇ ਥੱਕ ਗਏ ਹਨ। (ਅਜੇਹੇ ਕਰਮ ਕਾਂਡੀ) ਮਨ ਦੇ ਹਠ ਨਾਲ ਭੇਖ ਕਰਕੇ ਭਟਕਦੇ ਫਿਰਦੇ ਹਨ, (ਉਨ੍ਹਾਂ ਨੇ) ਦੂਜੇ ਭਾਵ ਵਿਚ ਲੱਗ ਕੇ ਦੁਖ ਹੀ ਪਾਇਆ ਹੈ। (ਮਨ ਦੇ ਹਠ ਨਾਲ ਪ੍ਰਾਪਤ ਕੀਤੀਆਂ) ਰਿਧੀਆਂ ਸਿਧੀਆਂ ਸਭ ਮਾਇਆ ਦਾ ਮੋਹ ਹੈ, (ਮਾਇਆ ਵਾਸਤੇ ਹੀ ਕੁਝ ਲੋਕ ਜਪ ਤਪ ਆਦਿ ਕਰਮ ਕਰਦੇ ਹਨ ਤੇ ਮਾਇਆ ਲਈ ਹੀ ਰਿਧੀਆਂ ਸਿਧੀਆਂ ਦਾ ਦਿਖਾਵਾ ਕਰਦੇ ਹਨ। ਇਨ੍ਹਾਂ ਕਰਾਮਾਤੀ ਤਾਕਤਾਂ ਨਾਲ) ਮਨ ਵਿਚ ਨਾਮ ਆ ਕੇ ਨਹੀਂ ਵਸਦਾ। ਗੁਰੂ ਦੀ ਸੇਵਾ ਕਰਨ ਤੇ ਮਨ ਸਾਫ ਹੁੰਦਾ ਹੈ ਅਤੇ (ਮਨ ਵਿਚੋਂ) ਅਗਿਆਨ ਰੂਪ ਹਨ੍ਹੇਰਾ ਦੂਰ ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਦੇ) ਹਿਰਦੇ ਘਰ ਵਿਚ ਨਾਮ ਰੂਪ ਰਤਨ ਪਰਗਟ ਹੋਇਆ ਹੈ, ਉਹ ਸਹਿਜ ਅਵਸਥਾ ਵਿਚ ਸਮਾ ਗਿਆ ਹੈ।੧।
ਅੰਗ ੫੯੪ = ਮਃ ੩ ॥ ਸਬਦੈ ਸਾਦੁ ਨ ਆਇਓ, ਨਾਮਿ ਨ ਲਗੋ ਪਿਆਰੁ ॥ ਰਸਨਾ ਫਿਕਾ ਬੋਲਣਾ, ਨਿਤ ਨਿਤ ਹੋਇ ਖੁਆਰੁ ॥ ਨਾਨਕ ਕਿਰਤਿ ਪਇਐ ਕਮਾਵਣਾ, ਕੋਇ ਨ ਮੇਟਣਹਾਰੁ ॥੨॥ (ਜਿਸ ਮਨੁੱਖ ਨੂੰ ਗੁਰੂ ਦੇ) ਸ਼ਬਦ ਦਾ ਸੁਆਦ ਨਹੀਂ ਆਇਆ ਅਤੇ ਨਾਮ ਵਿਚ ਪਿਆਰ ਨਹੀਂ ਲੱਗਾ। (ਅਜੇਹਾ ਮਨੁੱਖ) ਜੀਭ ਨਾਲ ਫਿੱਕੇ ਬਚਨ ਬੋਲਦਾ ਹੈ, (ਜਿਸ ਕਰਕੇ ਉਹ) ਸਦਾ ਸਦਾ ਖੁਆਰ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਦੇ ਵਸ ਵਿਚ ਨਹੀਂ, ਪਿਛਲੇ ਜਨਮਾਂ ਦੀ) ਪਈ ਕਿਰਤ ਅਨੁਸਾਰ ਹੀ (ਅਜੇਹਾ ਮਨੁੱਖ) ਕਰਮ ਕਰਦਾ ਹੈ, (ਇਸ ਕਿਰਤ ਨੂੰ ਭੋਗੇ ਬਿਨਾ) ਕੋਈ ਮੇਟ ਨਹੀਂ ਸਕਦਾ।੨।
ਪਦਾਰਥ = ਮਨ ਹਠਿ-ਮਨ ਦੇ ਹਠ ਕਰਕੇ। ਕਿਨੈ-ਕਿਸੇ ਨੇ ਵੀ। ਭਰਮਦੇ-ਭਟਕਦੇ ਫਿਰਦੇ ਹਨ। ਦੂਜੈ ਭਾਇ-ਇਕ ਪ੍ਰਭੂ ਨੂੰ ਛਡ ਕੇ ਕਿਸੇ ਦੂਜੇ ਵਿਚ ਪ੍ਰੇਮ ਹੋਣਾ। ਮੋਹੁ-(ਮਾਇਆ ਦਾ) ਮੋਹ; ਮੋਹ ਲੈਣ ਵਾਲੀਆਂ (ਰਿਧੀਆਂ ਸਿਧੀਆਂ)। ਮਨਿ-ਮਨ ਵਿਚ। ਘਰਿ-ਹਿਰਦੇ ਵਿਚ। ਸਹਜਿ-ਸਹਿਜ ਅਵਸਥਾ ਵਿਚ। ਸਮਾਇ-ਲੀਨ ਹੋ ਗਿਆ।੧। ਸਾਦੁ-ਰਸ; ਅਨੰਦ। ਨਾਮਿ-ਨਾਮ ਵਿਚ। ਰਸਨਾ-ਜੀਭ ਨਾਲ। ਨਿਤ ਨਿਤ-ਨਿਤਾਪ੍ਰਤੀ (ਸਦਾ ਸਦਾ)। ਖੁਆਰੁ-ਬੇਇੱਜਤ। ਕਿਰਤਿ-ਪਿਛਲੇ ਜਨਮਾਂ ਦੇ ਕੀਤੇ ਕਰਮਾਂ ਕਰਕੇ ਬਣਿਆ ਸੁਭਾਵ।੨।
ਪਉੜੀ ॥ ਧਨੁ ਧਨੁ ਸਤਪੁਰਖੁ ਸਤਿਗੁਰੁ ਹਮਾਰਾ, ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥ ਧਨੁ ਧਨੁ ਸਤਪੁਰਖੁ ਸਤਿਗੁਰੁ ਹਮਾਰਾ ,ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥ ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ, ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥ ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ, ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥ ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ, ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥ (ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ) ਰੱਬ ਰੂਪ ਸਾਡਾ ਸਤਿ ਗੁਰੂ ਧੰਨ ਧੰਨ ਹੈ, ਜਿਸ ਨੂੰ ਮਿਲਣ ਨਾਲ ਸਾਨੂੰ ਸ਼ਾਂਤੀ ਆ ਗਈ ਹੈ। ਸਤਪੁਰਖ ਰੂਪ ਸਾਡਾ ਸਤਿਗੁਰੂ ਧੰਨ ਧੰਨ ਹੈ, ਜਿਸ ਨੂੰ ਮਿਲਣ ਨਾਲ ਅਸੀਂ ਹਰੀ ਦੀ ਭਗਤੀ ਪਾ ਲਈ ਹੈ। ਹਰੀ ਦਾ ਭਗਤ ਸਾਡਾ ਸਤਿਗੁਰੂ ਧੰਨ ਧੰਨ ਹੈ, ਜਿਸ ਦੀ ਸੇਵਾ ਤੋਂ ਅਸੀਂ ਹਰੀ ਦੇ ਨਾਮ ਵਿਚ ਲਿਵ ਲਾਈ ਹੈ। ਹਰੀ ਦੇ ਗਿਆਨ ਵਾਲਾ ਸਾਡਾ ਸਤਿਗੁਰੂ ਧੰਨ ਧੰਨ ਹੈ, ਜਿਸ ਨੇ ਸਾਨੂੰ ਵੈਰੀ ਤੇ ਮਿਤ੍ਰ ਸਾਰੇ ਇਕੋ ਜਿਹੀ ਨਜਰ ਨਾਲ ਦਿਖਾ ਦਿਤੇ ਹਨ। ਸਾਡਾ ਸਤਿਗੁਰੂ ਮਿਤ੍ਰ ਧੰਨ ਧੰਨ ਹੈ, ਜਿਸ ਨੇ ਹਰੀ ਦੇ ਨਾਮ ਨਾਲ ਸਾਡੀ ਪ੍ਰੀਤ ਬਣਾ ਦਿਤੀ ਹੈ।੧੯।
ਪਦਾਰਥ = ਸਤਪੁਰਖ-ਸਤਯ ਤੇ ਪੂਰਣ ਰੂਪ; ਕਰਤਾ ਪੁਰਖ ਦਾ ਰੂਪ। ਹਮਾਰਾ-ਸਾਡਾ। ਜਿਤੁ-ਜਿਸ ਨੂੰ। ਹਮ ਕਉ-ਸਾਨੂੰ। ਤੇ-ਤੋਂ। ਨਾਮਿ-ਨਾਮ ਵਿਚ। ਸਮ ਦ੍ਰਿਸਟਿ-ਇਕੋ ਜਿਹੀ ਨਜਰ ਨਾਲ। ਨਾਮ ਸਿਉ-ਨਾਮ ਨਾਲ।੧੯।
ਸਲੋਕੁ ਮਃ ੧ ॥ ਘਰ ਹੀ ਮੁੰਧਿ ਵਿਦੇਸਿ ਪਿਰੁ ,ਨਿਤ ਝੂਰੇ ਸੰਮ੍ਹਾਲੇ ॥ ਮਿਲਦਿਆ ਢਿਲ ਨ ਹੋਵਈ, ਜੇ ਨੀਅਤਿ ਰਾਸਿ ਕਰੇ ॥੧॥ ਪਤੀ ਪ੍ਰਭੂ ਜੀਵ ਰੂਪ ਇਸਤ੍ਰੀ ਦੇ ਹਿਰਦੇ ਵਿਚ ਹੀ ਵਸਦਾ ਹੈ, (ਪਰ ਜੀਵ ਇਸਤ੍ਰੀ ਉਸ ਨੂੰ) ਵਿਦੇਸ਼ ਵਿਚ (ਦੂਰ) ਜਾਣਦੀ ਹੈ; ਜੀਵ ਰੂਪ ਇਸਤ੍ਰੀ ਘਰ ਵਿਚ ਹੈ ਤੇ ਪਤੀ ਪ੍ਰਮਾਤਮਾ ਪ੍ਰਦੇਸ ਵਿਚ ਹੈ (ਪ੍ਰਭੂ ਆਤਮ ਮੰਡਲ ਵਿਚ ਹੈ ਤੇ ਜੀਵ ਸੰਸਾਰ ਮੰਡਲ ਵਿਚ ਹੈ, ਜੀਵ ਇਸਤ੍ਰੀ ਪਤੀ ਪ੍ਰਭੂ ਨੂੰ) ਰੋਜ ਯਾਦ ਕਰਦੀ ਹੋਈ ਝੂਰਦੀ ਹੈ (ਪਛਤਾਉਂਦੀ ਹੈ ਕਿ ਮੇਲ ਨਹੀਂ ਹੋ ਰਿਹਾ। ਪਰ ਪਤੀ ਪ੍ਰਭੂ ਦੇ) ਮਿਲਦਿਆਂ ਦੇਰੀ ਨਹੀਂ ਹੁੰਦੀ, ਜੇ ਨੀਅਤ ਸਾਫ ਕਰ ਲਵੇ।੧। ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ। (੧੩੮੩)
ਮਃ ੧ ॥ ਨਾਨਕ ਗਾਲੀ ਕੂੜੀਆ, ਬਾਝੁ ਪਰੀਤਿ ਕਰੇਇ ॥ ਤਿਚਰੁ ਜਾਣੈ ਭਲਾ ਕਰਿ, ਜਿਚਰੁ ਲੇਵੈ ਦੇਇ ॥੨॥ ਗੁਰੂ ਨਾਨਕ ਦੇਵ

ਜੀ ਕਹਿ ਰਹੇ ਹਨ ਕਿ ਹਰੀ ਦੀ ਪ੍ਰੀਤ ਕਰਨ ਤੋਂ ਬਿਨਾ (ਬਾਕੀ ਸਾਰੀਆਂ) ਗੱਲਾਂ ਝੂਠੀਆਂ ਹਨ। (ਸੁਆਰਥੀ ਮਨੁੱਖ ਹਰੀ ਨੂੰ) ਉਤਨਾ ਚਿਰ ਹੀ ਭਲਾ ਕਰਕੇ ਜਾਣਦਾ ਹੈ, ਜਿੰਨਾ ਚਿਰ ਹਰੀ ਤੋਂ ਲੈਂਦਾ ਹੈ ਤੇ (ਹਰੀ ਮਨੁੱਖ ਨੂੰ ਪਦਾਰਥ) ਦੇਂਦਾ ਹੈ (ਮਨੁੱਖ ਦਾ ਹਰੀ ਨਾਲ ਲੈਣ ਦੇਣ ਦਾ ਹੀ ਰਿਸ਼ਤਾ ਹੈ, ਪਿਆਰ ਦਾ ਨਹੀਂ)।੨।

ਪਦਾਰਥ = ਘਰ ਹੀ–ਹਿਰਦੇ ਵਿਚ ਹੀ। ਮੁੰਧਿ–ਇਸਤ੍ਰੀ। ਪਿਰੁ–ਪਤੀ ਪ੍ਰਭੂ। ਨਿਤ–ਰੋਜ। ਝੂਰੇ–ਝੂਰਦੀ (ਪਛਤਾਉਂਦੀ) ਹੈ। ਸੰਮ੍ਹਾਲੇ–ਯਾਦ ਕਰਦੀ ਹੈ। ਢਿਲ–ਦੇਰ। ਨੀਅਤਿ–ਚਿਤ ਦਾ ਸੰਕਲਪ; ਮਨ ਦਾ ਇਰਾਦਾ। ਰਾਸਿ ਕਰੇਇ–ਸਾਫ ਕਰ ਲਵੇ।੧। ਗਾਲੀ–ਗੱਲਾਂ ਬਾਤਾਂ। ਕੂੜੀਆ–ਨਿਕੰਮੀਆਂ। ਬਾਝੁ–ਬਿਨਾ। ਤਿਚਰੁ–ਉਤਨਾ ਚਿਰ। ਜਿਚਰੁ–ਉਤਨਾ ਚਿਰ। ਲੇਵੈ–ਲੈਂਦਾ ਹੈ। ਦੇਇ–ਦੇਂਦਾ ਹੈ।੨।

ਪਉੜੀ ॥ ਜਿਨਿ ਉਪਾਏ ਜੀਅ, ਤਿਨਿ ਹਰਿ ਰਾਖਿਆ ॥ ਅੰਮ੍ਰਿਤੁ ਸਚਾ ਨਾਉ ਭੋਜਨੁ ਚਾਖਿਆ ॥ ਤਿਪਤਿ ਰਹੇ ਆਘਾਇ, ਮਿਟੀ ਭਭਾਖਿਆ ॥ ਸਭ ਅੰਦਰਿ ਇਕੁ ਵਰਤੈ, ਕਿਨੈ ਵਿਰਲੈ ਲਾਖਿਆ ॥ ਜਨ ਨਾਨਕ ਭਏ ਨਿਹਾਲੁ ਪ੍ਰਭ ਕੀ ਪਾਖਿਆ ॥੨੦॥ (ਹੇ ਭਾਈ!) ਜਿਸ ਹਰੀ ਨੇ ਜੀਵ ਪੈਦਾ ਕੀਤੇ ਹਨ, ਉਸੇ ਹਰੀ ਨੇ (ਜੀਵਾਂ ਦੀ) ਰੱਖਿਆ ਕੀਤੀ ਹੈ। (ਜਿਨ੍ਹਾਂ ਮਨੁੱਖ ਨੇ ਪ੍ਰਭੂ ਦਾ) ਸੱਚਾ ਨਾਮ ਅੰਮ੍ਰਿਤ ਰੂਪ ਭੋਜਨ ਛਕਿਆ (ਧਾਰਣ ਕੀਤਾ) ਹੈ। (ਉਹ) ਰੱਜ ਕੇ ਪ੍ਰਸੰਨ ਹੋ ਰਹੇ ਹਨ, (ਉਨ੍ਹਾਂ ਦੀ) ਭੁੱਖ ਮਿਟ ਗਈ ਹੈ। ਸਾਰੇ ਜੀਵਾਂ ਦੇ ਅੰਦਰ ਇਕ ਪ੍ਰਭੂ ਵਰਤਦਾ ਹੈ, (ਪਰ ਇਸ ਗੱਲ ਨੂੰ) ਕਿਸੇ ਵਿਰਲੇ ਮਨੁੱਖ ਨੇ ਜਾਣਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦੇ) ਦਾਸ, ਪ੍ਰਭੂ ਦੀ ਸ਼ਰਣ ਲੈਣ ਕਰਕੇ ਨਿਹਾਲ ਹੋਏ ਹਨ।੨੦।

ਪਦਾਰਥ = ਜਿਨਿ–ਜਿਸ ਨੇ। ਉਪਾਏ–ਪੈਦਾ ਕੀਤੇ। ਜੀਅ–ਜੀਵ। ਤਿਨਿ–ਉਸ ਨੇ। ਚਾਖਿਆ–ਛਕਿਆ (ਖਾਧਾ)। ਤਿਪਤਿ ਰਹੇ–ਪ੍ਰਸੰਨ ਹੋ ਰਹੇ ਹਨ। ਆਘਾਇ–ਰੱਜ ਕੇ। ਭਭਾਖਿਆ–ਭੁੱਖ; ਖਾਣ ਦੀ ਇੱਛਿਆ। ਇਕੁ–ਇਕ ਪ੍ਰਭੂ। ਕਿਨੈ ਵਿਰਲੈ–ਕਿਸੇ ਵਿਰਲੇ ਨੇ। ਲਾਖਿਆ –ਜਾਣਿਆ; ਸਮਝਿਆ। ਭਏ–ਹੋਏ। ਪਾਖਿਆ–ਪੱਖ; ਪਾਸਾ; ਮੱਦਤ; ਸ਼ਰਣ।੨੦।

ਸਲੋਕੁ ਮਃ ੩ ॥ ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ, ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ,ਦੁਬਿਧਾ ਤਜਿ ਵਿਕਾਰ ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ, ਸਤਿਗੁਰ ਹੇਤਿ ਪਿਆਰਿ ॥੧॥ (ਹੇ ਭਾਈ!) ਜਿਤਨਾ ਵੀ ਚਲਾਇਮਾਨ ਸੰਸਾਰ ਹੈ, (ਇਸ ਵਿਚ) ਸਭ ਕੋਈ ਸਤਿਗੁਰੂ ਨੂੰ ਦੇਖਦਾ (ਦਰਸ਼ਨ ਕਰਦਾ) ਹੈ। (ਪਰ ਨਿਰਾ) ਦੇਖਣ ਨਾਲ ਮੁਕਤੀ ਨਹੀਂ ਹੁੰਦੀ, ਜਿਤਨਾ ਚਿਰ (ਕੋਈ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਵਿਚਾਰ ਨਹੀਂ ਕਰਦਾ। (ਸ਼ਬਦ ਦੀ ਵਿਚਾਰ ਤੋਂ ਬਿਨਾ) ਹਉਮੈ ਦੀ ਮੈਲ ਦੂਰ ਨਹੀਂ ਹੁੰਦੀ ਅਤੇ ਨਾ ਹੀ ਨਾਮ ਵਿਚ ਪਿਆਰ ਲਗ ਸਕਦਾ ਹੈ। ਇਕਨਾਂ ਨੂੰ ਉਸ ਹਰੀ ਨੇ ਆਪੇ (ਨਾਮ ਦੀ ਦਾਤ) ਬਖਸ਼ ਕੇ (ਅਪਣੇ ਨਾਲ) ਮਿਲਾ ਲਿਆ ਹੈ, (ਜਿਨ੍ਹਾਂ ਨੇ) ਦੁਬਿਧਾ ਦਾ ਵਿਕਾਰ ਛਡ ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਇਕ ਸਤਿਗੁਰੂ ਦੇ ਅਤਿਅੰਤ ਪਿਆਰ ਨਾਲ (ਉਸ ਦਾ) ਦਰਸ਼ਨ ਦੇਖ ਕੇ ਆਪਾ ਭਾਵ ਤੋਂ ਮਰ ਕੇ (ਹਰੀ ਨਾਲ) ਮਿਲ ਗਏ ਹਨ (ਮੁਕਤ ਹੋ ਗਏ ਹਨ)।੧।

ਮਃ ੩ ॥ ਸਤਿਗੁਰੂ ਨ ਸੇਵਿਓ, ਮੂਰਖ ਅੰਧ ਗਵਾਰਿ ॥ ਦੂਜੈ ਭਾਇ ਬਹੁਤੁ ਦੁਖੁ ਲਾਗਾ, ਜਲਤਾ ਕਰੇ ਪੁਕਾਰ ॥ ਜਿਨ ਕਾਰਣਿ ਗੁਰੂ ਵਿਸਾਰਿਆ, ਸੇ ਨ ਉਪਕਰੇ ਅੰਤੀ ਵਾਰ ॥ ਨਾਨਕ ਗੁਰਮਤੀ ਸੁਖੁ ਪਾਇਆ, ਬਖਸੇ ਬਖਸਣਹਾਰ ॥੨॥ (ਹੇ ਭਾਈ! ਜਿਸ) ਮੂਰਖ ਅਗਿਆਨੀ ਗਵਾਰ ਮਨੁੱਖ ਨੇ ਸਤਿਗੁਰੂ ਦੀ ਸੇਵਾ ਨਹੀਂ ਕੀਤੀ। (ਉਸ ਨੂੰ) ਦੂਜੇ ਭਾਵ ਕਰਕੇ ਬਹੁਤ ਦੁਖ ਲੱਗਾ ਹੈ ਤੇ (ਉਹ ਦੁੱਖ ਵਿਚ) ਸੜਦਾ ਹੋਇਆ ਪੁਕਾਰ ਕਰਦਾ ਹੈ। ਜਿਨਾਂ (ਸਬੰਧੀਆਂ ਤੇ ਸੰਸਾਰੀ ਪਦਾਰਥਾਂ) ਵਾਸਤੇ ਗੁਰੂ ਨੂੰ (ਉਸ ਨੇ) ਭੁਲਾ ਦਿਤਾ ਸੀ, ਉਹ ਅੰਤ ਸਮੇਂ ਮੱਦਤ ਲਈ ਨਹੀਂ ਪਹੁੰਚੇ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਮੱਤ ਧਾਰਨ ਵਾਲਿਆਂ ਨੇ ਅਸਲੀ ਸੁਖ ਪਾਇਆ ਹੈ, ਬਖਸਨਹਾਰ ਹਰੀ (ਉਨ੍ਹਾਂ ਨੂੰ ਆਪੇ) ਬਖਸ਼ ਲੈਂਦਾ ਹੈ।੨।

ਪਦਾਰਥ = ਸਭ ਕੋ–ਸਭ ਕੋਈ। ਜੇਤਾ–ਜਿਤਨਾ। ਜਗਤੁ ਸੰਸਾਰੁ–ਚਲਾਇਮਾਨ ਜਗਤ; ਸਦਾ ਇਕੋ ਜਿਹਾ ਨਾ ਰਹਿਣ ਵਾਲਾ ਸੰਸਾਰ; ਜੰਮਣ ਮਰਨ ਵਾਲਾ ਸੰਸਾਰ। ਜਿਚਰੁ–ਜਿਤਨਾ ਚਿਰ। ਨ ਚੁਕਈ–ਦੂਰ ਨਹੀਂ ਹੁੰਦੀ। ਨਾਮਿ–ਨਾਮ ਵਿਚ। ਇਕਿ–ਕਈ। ਮਿਲਾਇਅਨੁ–ਮਿਲਾ ਲਏ ਉਸ ਨੇ। ਦੁਬਿਧਾ–ਦੁਚਿੱਤਾਪਣ। ਤਜਿ–ਛਡ ਕੇ। ਹੇਤਿ ਪਿਆਰਿ–ਅਤਿਅੰਤ ਪਿਆਰ ਨਾਲ।੧। ਅੰਧ–ਅੰਨ੍ਹੇ (ਅਗਿਆਨੀ) । ਗਵਾਰਿ–ਮਹਾਂ ਮੂਰਖ (ਉਜੱਡ) ਨੇ। ਦੂਜੈ ਭਾਇ–ਹਰੀ ਨੂੰ ਛਡ ਕੇ ਦੇਵੀ ਦੇਵਤਿਆਂ ਜਾਂ ਮਾਇਆ ਦਾ ਪਿਆਰ ਹੋਣਾ। ਜਲਤਾ–ਸੜਦਾ ਹੋਇਆ। ਜਿਨ ਕਾਰਣਿ–ਜਿਨ੍ਹਾਂ ਵਾਸਤੇ। ਵਿਸਾਰਿਆ–ਭੁਲਾ ਦਿਤਾ। ਸੇ–ਉਹ। ਨ ਉਪਕਰੇ (ਉਪੱਕਰੇ ਬੋਲੋ)–ਲਾਭਦਾਇਕ ਸਿੱਧ ਨ ਹੋਏ; ਮੱਦਤ ਲਈ ਨਾ ਪਹੁੰਚੇ। ਅੰਤੀ ਵਾਰ–ਅੰਤ ਸਮੇਂ। ਗੁਰਮਤੀ–ਗੁਰਮੱਤ ਧਾਰਨ ਵਾਲਿਆਂ ਨੇ।੨।

ਪਉੜੀ ॥ ਤੂ ਆਪੇ ਆਪਿ ਆਪਿ ਸਭੁ ਕਰਤਾ, ਕੋਈ ਦੂਜਾ ਹੋਇ ਸੁ ਅਵਰੋ ਕਹੀਐ ॥ ਹਰਿ ਆਪੇ ਬੋਲੈ ਆਪਿ ਬੁਲਾਵੈ, ਹਰਿ ਆਪੇ

ਜਲਿ ਥਲਿ ਰਵਿ ਰਹੀਐ ॥ ਹਰਿ ਆਪੇ ਮਾਰੈ ਹਰਿ ਆਪੇ ਛੋਡੈ, ਮਨ ਹਰਿ ਸਰਣੀ ਪੜਿ ਰਹੀਐ ॥ ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ, ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥ ਉਠਦਿਆ ਬਹਿਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ, ਜਨ ਨਾਨਕ ਗੁਰਮੁਖਿ ਹਰਿ ਲਹੀਐ ॥੨੧॥ (ਹੇ ਪ੍ਰਭੂ!) ਤੂੰ ਆਪੇ ਆਪ (ਸੁਤੰਤਰ) ਹੈਂ ਅਤੇ ਆਪ ਹੀ ਸਭ ਨੂੰ ਪੈਦਾ ਕਰਨ ਵਾਲਾ ਹੈਂ, (ਤੇਰੇ ਵਰਗਾ) ਕੋਈ ਦੂਜਾ ਹੋਵੇ ਤਾਂ ਉਸ ਨੂੰ ਦੂਜਾ (ਕਰਤਾ) ਕਹੀਏ। ਹਰੀ ਆਪੇ (ਸਾਰੇ ਜੀਵਾਂ ਵਿਚ) ਬੋਲਦਾ ਹੈ ਤੇ ਆਪੇ (ਸਭ ਜੀਵਾਂ ਪਾਸੋਂ) ਬੁਲਾਉਂਦਾ ਹੈ, ਹਰੀ ਆਪੇ ਜਲ ਵਿਚ ਥਲ ਵਿਚ ਵਿਆਪਕ ਹੋ ਰਿਹਾ ਹੈ। ਹਰੀ ਆਪੇ ਮਾਰਦਾ ਹੈ ਤੇ ਆਪੇ ਛਡਦਾ ਹੈ, (ਇਸ ਲਈ) ਹੇ ਮਨ! ਹਰੀ ਦੀ ਸਰਣ ਵਿਚ ਪਏ ਰਹੀਏ। ਹਰੀ ਤੋਂ ਬਿਨਾ ਕੋਈ ਹੋਰ ਦੂਜਾ ਨਾ ਮਾਰ ਸਕਦਾ ਹੈ ਤੇ ਨਾ ਜਿਵਾਲ ਸਕਦਾ ਹੈ; ਮਾਰ ਕੇ ਜਿਵਾਲ ਨਹੀਂ ਸਕਦਾ, (ਇਸ ਲਈ) ਹੇ ਮਨ! ਬੇਫਿਕਰ ਤੇ ਦੁਖ ਰਹਿਤ ਹੋ ਕੇ ਰਹੀਏ। ਉਠਦਿਆਂ, ਬੈਠਦਿਆਂ ਤੇ ਸੁੱਤਿਆਂ ਸਦਾ ਸਦਾ ਹਰੀ ਦਾ ਨਾਮ ਸਿਮਰੀਏ, (ਪ੍ਰਭੂ ਦੇ) ਦਾਸ ਨਾਨਕ ਗੁਰੂ ਜੀ ਆਖਦੇ ਹਨ ਕਿ (ਇਉਂ) ਗੁਰੂ ਦੁਆਰਾ ਹਰੀ ਨੂੰ ਪ੍ਰਾਪਤ ਕਰ ਲਈਦਾ ਹੈ।੨੧।੧।ਸੁਧੁ।

ਪਦਾਰਥ = ਕਰਤਾ–ਪੈਦਾ ਕਰਨ ਵਾਲਾ। ਸੁ–ਉਹ (ਉਸ ਨੂੰ)। ਅਵਰੋ–ਦੂਜਾ। ਰਵਿ ਰਹੀਐ–ਵਿਆਪਕ ਹੋ ਰਿਹਾ ਹੈ। ਪੜਿ ਰਹੀਐ–ਪਏ ਰਹੀਏ। ਨਿਚਿੰਦ–ਬੇ ਫਿਕਰ। ਨਿਸਲੁ–ਦੁਖ ਰਹਿਤ; ਲੱਤਾਂ ਲੰਮੀਆ ਪਸਾਰ (ਬੇ ਪ੍ਰਵਾਹ ਹੋ) ਕੇ ਪਏ ਰਹੀਏ। ਲਹੀਐ–ਪ੍ਰਾਪਤ ਕਰ ਲਈਦਾ ਹੈ।੨੧। ਸੁਧੁ–ਅਸਲ ਲਿਖਤ ਨਾਲ ਮਿਲਾ ਕੇ ਸੋਧ ਕੇ ਲਿਖੀ ਗਈ ਹੈ (ਕੋਈ ਵਾਧਾ ਘਾਟਾ ਨਾ ਕਰੇ)।

ਮਃ ੩ ਦੇ ੪੦ ਸਲੋਕ ਹਨ ਅਤੇ ਮਃ ੧ ਦੇ ੩ ਸਲੋਕ ਹਨ, ਕੁਲ ੪੩ ਸਲੋਕ ਹਨ।

ਸਾਰੀਆਂ ੨੧ ਪਉੜੀਆਂ ਮਃ ੪ (ਗੁਰੂ ਰਾਮਦਾਸ ਜੀ) ਦੀ ਰਚਨਾ ਹਨ।

॥ ਰਾਗ ਵਡਹੰਸ ਸੰਪੂਰਨ ॥